# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 28 ਫਰਵਰੀ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰਕਾਰੀ ਸਕੂਲ ਦੀਆਂ ਲੜਕੀਆਂ ਨੇ ਬੋਰਡ ਪ੍ਰੀਖਿਆਵਾਂ ਦੇ ਚਲਦੇ ਪੁਲਿਸ ਸੁਰੱਖਿਆ ਮੰਗੀ : ਪ੍ਰਿੰਸੀਪਲ

ਵਰਲਡ ਪੰਜਾਬੀ ਟਾਈਮਜ਼ – ਟਿੰਕੂ ਕੁਮਾਰ



ਕੋਟਕਪੂਰਾ, 28 ਫਰਵਰੀ : ਕੋਟਕਪੂਰਾ ਸ਼ਹਿਰ ਦੇ ਕਈ ਸਕੂਲਾਂ ਸਰਕਾਰੀ ਵਿੱਚ ਬੋਰਡ ਪ੍ਰੀਖਿਆਵਾਂ ਮਾਰਚ 2025 ਦੇ ਪੇਪਰ ਚਲ ਰਹੇ ਹਨ, ਜਿੱਥੇ ਵਿਦਿਆਰਥੀ ਤੇ ਵਿਦਿਆਰਥਣਾ ਵੱਡੀ ਗਿਣਤੀ ਵਿੱਚ ਸਕੂਲਾਂ ਦੇ ਗੇਟ ਖੁਲਣ ਤੋਂ ਪਹਿਲਾਂ ਅਤੇ ਪੇਪਰ ਸਮੇਂ ਤੋਂ ਪਹਿਲਾਂ ਹੀ ਸਕੂਲ ਦੇ ਬਾਹਰ ਚੌਂਕ ਅਤੇ ਸੜਕ ਉਪਰ ਖੜ੍ਹੇ ਹੋ ਜਾਂਦੇ ਹਨ, ਉੱਥੇ ਸੈਂਕੜੇ ਬੱਚਿਆ ਦੇ ਮਾਂ-ਬਾਪ ਆਪਣੇ ਬੱਚਿਆ ਨੂੰ ਲੈ ਕੇ ਆਉਂਦੇ ਹਨ, ਜੋ ਵੀ ਪੇਪਰ ਸੁਰੂ ਹੋਣ ਤੱਕ ਦਾ ਇੰਤਜ਼ਾਰ ਸਕੂਲ ਦੇ ਬਾਹਰ ਵਾਹਨ ਖੜ੍ਹੇ ਕਰਕੇ ਕਰਦੇ ਹਨ। ਇਸ ਸੰਬੰਧ ਵਿੱਚ ਡਾ. ਚੰਦਾ ਸਿੰਘ ਮਰਵਾਹ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੋਟਕਪੂਰਾ ਦੇ ਪ੍ਰਿੰਸੀਪਲ ਵੱਲੋਂ ਇਕ ਲਿਖਤੀ ਪੱਤਰ ਐਸ.ਐਸ.ਪੀ. ਫਰੀਦਕੋਟ, ਡੀ.ਐਸ.ਪੀ. ਕੋਟਕਪੂਰਾ, ਮੁੱਖ ਥਾਣਾ ਅਫਸਰ ਸਿਟੀ ਕੋਟਕਪੂਰਾ ਅਤੇ ਜਿਲ੍ਹਾ ਸਿੱਖਿਆ ਅਫਸਰ ਸੀਨੀ. ਸੈਕੰ. ਫਰੀਦਕੋਟ ਨੂੰ ਭੇਜ ਕੇ ਚੱਲ ਰਹੇ ਪ੍ਰੀਖਿਆਵਾਂ ਦੌਰਾਨ ਪੁਲਿਸ ਸੁਰੱਖਿਆ ਮੁਹਿਇਆ ਕਰਵਾਉਣ ਲਈ ਲਿਖਿਆ ਹੈ। ਇਹ ਵਰਣਨਯੋਗ ਹੈ ਕਿ ਉਕਤ ਸਕੂਲ ਵਿੱਚ ਅਠਵੀਂ, ਦਸਵੀਂ ਅਤੇ ਬਾਰਵੀਂ ਜਮਾਤ ਦੇ ਪ੍ਰੀਖਿਆਵਾਂ ਚੱਲ ਰਹੀਆਂ ਹਨ, ਪ੍ਰੀਖਿਆ ਕੇਂਦਰ ਵਿੱਚ 800 ਦੇ ਕਰੀਬ ਵਿਦਿਆਰਥੀ ਅਤੇ ਵਿਦਿਆਰਥਣਾਂ ਪੇਪਰ ਦੇ ਰਹੇ ਹਨ ਕਿਸੇ ਵੀ ਅਨਸੁਖਾਵੀ ਘਟਨਾ ਦੇ ਮਦੇਨਜਰ ਪੁਲਿਸ ਸੁਰੱਖਿਆ ਦੀ ਜਰੂਰਤ ਹੈ! ਕ੍ਰਿਪਾ ਕਰਕੇ ਸਵੇਰੇ 10:00 ਵਜੇ ਤੋਂ 2:30 ਵਜੇ ਦੁਪਿਹਰ ਤੱਕ ਪੁਲਿਸ ਸੁਰੱਖਿਆ ਮੁਹਇਆ ਕਰਵਾਈ ਜਾਵੇ ਇਹ ਸੁਰੱਖਿਆ ਪ੍ਰੀਖਿਆ ਕੇਂਦਰ ਤੋਂ ਬਾਹਰ ਅਨੁਸਾਸ਼ਨ ਕਾਇਮ ਰੱਖਣ ਲਈ ਹੋਵੇਗੀ। ਇਸ ਮਾਮਲੇ ਵਿਚ ਸਕੂਲ ਦੇ ਪ੍ਰਿੰਸੀਪਲ ਨੇ ਦੱਸਿਆ ਕਿ ਪੇਪਰ ਸ਼ੁਰੂ ਹੋਣ ਤੋਂ ਪਹਿਲਾ ਬਾਹਰ ਸਕੂਲ ਦੇ ਚੌਂਕ ਵਿੱਚ ਕਈ ਸੈਂਕੜਿਆਂ ਦਾ ਹਜੂਮ ਇਕਠਾ ਹੋ ਜਾਂਦਾ ਹੈ, ਇਸ ਲਈ ਵੀ ਸੁਰੱਖਿਆ ਦੀ ਅਤਿ ਜਰੂਰਤ ਹੈ। ਫੋਟੋ : ਸਰਕਾਰੀ ਸਕੂਲ ਕੋਟਕਪੂਰਾ ਦੇ ਗੇਟ ਅੱਗੇ ਚੌਂਕ ਵਿੱਚ ਵਿਦਿਆਰਥੀਆਂ ਦਾ ਇਕਠ ਦ੍ਰਿਸ।

## ਪੰਜਾਬੀ ਲਿਖਾਰੀ ਸਭਾ(ਰਜਿ.) ਸਿਆਟਲ ਦੇ ਸਮਾਗਮ ਵਿੱਚ ‘ਪੰਜਾਬ ਦੇ ਪਾਣੀ-ਖੇਤੀ ਮਸਲਿਆਂਤੇ ਵਿਚਾਰ-ਚਰਚਾ

ਵਰਲਡ ਪੰਜਾਬੀ ਟਾਈਮਜ਼ – ਮੰਗਤ ਕੁਲਜਿੰਦ

ਸਿਆਟਲ 28 ਫਰਵਰੀ : ਸਮਾਜ ਦੇ ਸਰਵਪੱਖੀ ਵਿਕਾਸ, ਜਨ-ਕਲਿਆਣ ਅਤੇ ਸਾਹਿਤਕ ਉਦੇਸ਼ਾਂ ਦੀ ਪੂਰਤੀ ਲਈ,ਪੰਜਾਬੀ ਲਿਖਾਰੀ ਸਭਾ(ਰਜਿ.) ਸਿਆਟਲ ਵੱਲੋਂ ਸਾਹਿਤਕ ਕਾਰਜਾਂ ਦੇ ਨਾਲ ਨਾਲ, ਸੁਚੱਜੇ ਸਮਾਜ ਦੀ ਸਿਰਜਣਾ ਲਈ ਆਰਥਿਕ ਸਾਧਨਾ ਦੀ ਮਹੱਤਤਾ ਅਤੇ ਇਹਨਾਂ ਨਾਲ ਜੁੜੇ ਮਸਲਿਆਂਤੇ ਚਰਚਾ ਕਰਨ-ਕਰਾਉਣ ਦੇ ਪ੍ਰੋਗਰਾਮ ਦੀ ਪਹਿਲ ਕਦਮੀ ਕੀਤੀ ਗਈ। ‘ਰੰਧਾਵਾ ਫਾਊਂਡੇਸ਼ਨ ਕੈਂਟ’ ਵਿਖੇ ਉਲੀਕੇ ਵਿਸ਼ੇਸ਼ ਸਮਾਗਮ ਦਾ ਆਗਾਜ਼ ਕਰਦਿਆਂ ਸਭਾ ਦੇ ਪ੍ਰਧਾਨ ਨੇ




ਸਵਾਗਤੀ ਸ਼ਬਦਾਂ ਨਾਲ ਭਾਰਤ ਤੋਂ ਵਿਸ਼ੇਸ਼ ਤੌਰ ਤੇ ਇੱਥੇ ਪੁਹੰਚੇ ਮੁੱਖ ਮਹਿਮਾਨ ਡਾ.ਸੁੱਚਾ ਸਿੰਘ ਗਿੱਲ, ਰਿਟਾਇਰਡ ਪ੍ਰੋਫ਼ੈਸਰ ਅਤੇ ਮੁਖੀ ਅਰਥ ਸ਼ਾਸ਼ਤਰ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੀ ਜਾਣ ਪਛਾਣ ਕਰਵਾਈ।ਉਹਨਾਂ ਨੇ ‘ਪੰਜਾਬ ਦੇ ਪਾਣੀ ਅਤੇ ਖੇਤੀ ਆਰਥਿਕਤਾ’ ਨਾਲ ਜੁੜੇ ਮਸਲਿਆਂ ਬਾਰੇ ਜਾਣਕਾਰੀ-ਭਰਪੂਰ ਲੈਕਚਰ ਦਿੱਤਾ। ਮਸਲਿਆਂ ਦੇ ਹਰ ਪਹਿਲੂ ਵੱਲ ਉਹਨਾਂ ਨੇ ਅੰਕੜਿਆਂ ਅਤੇ ਸਚਾਈਆਂ ਆਧਾਰਿਤ ਇਸ਼ਾਰੇ ਕੀਤੇ। ਪੇਸ਼ ਲੈਕਚਰ ਉਪਰ ਵਿਚਾਰ-ਚਰਚਾ ਵਿੱਚ ਅਵਤਾਰ ਸਿੰਘ ਆਦਮਪੁਰੀ, ਬਲਿਹਾਰ ਸਿੰਘ ਲੇਹਲ , ਧਰਮ ਸਿੰਘ ਮੈਰੀਪੁਰ, ਸਕੱਤਰ ਸਿੰਘ ਸੰਧੂ, ਹਰਕੀਰਤ ਕੌਰ , ਸ਼ਾਹ ਨਵਾਜ਼ ਅਤੇ ਰਣਜੀਤ ਸਿੰਘ ਮਲ੍ਹੀ ਨੇ ਹਿੱਸਾ ਲੈਂਦਿਆਂ ਡਾ. ਸੁੱਚਾ ਸਿੰਘ ਗਿੱਲ ਵੱਲੋਂ ਉਠਾਏ ਨੁਕਤਿਆਂ ਨੂੰ ਵਿਸਥਾਰ ਦਿੱਤਾ। ਅੱਜ ਦੇ ਇਸ ਪ੍ਰੋਗਰਾਮ ਵਿੱਚ ਨਵਲਪ੍ਰੀਤ ਰੰਗੀ ਦੁਆਰਾ ਪੰਜਾਬ ਵਿੱਚ ‘ਬੁੱਢੇ ਨਾਲੇ’ ਦੇ ਗੰਦੇ ਹੋ ਰਹੇ ਪਾਣੀ ਬਾਰੇ ਬਣਾਈ ਡਾਕੂਮੈਂਟਰੀ ‘ਕਾਲੇ ਪਾਣੀ ਦਾ ਮੋਰਚਾ’ ਦਿਖਾਈ ਗਈ ਅਤੇ ਇਸ ਉੱਤੇ ਕਈ ਵਿਦਵਾਨਾਂ ਨੇ ਆਪਣੇ ਮਨੋਂ-ਭਾਵ ਸਾਂਝੇ ਕੀਤੇ। ਪ੍ਰਸਿੱਧ ਗਾਇਕ ਬਲਬੀਰ ਲਹਿਰਾ ਨੇ ਕਿਸਾਨੀ ਨਾਲ ਜੁੜੇ ਆਪਣੇ ਗੀਤ ਸੁਣਾ ਕੇ ਹਾਜ਼ਰੀ ਲਗਵਾਈ। ਬਲਵੰਤ ਰਾਣਾ, ਲਾਲੀ ਸੰਧੂ,ਪਰਮਜੀਤ ਸਿੰਘ, ਸੁਖਦਰਸ਼ਨ ਸਿੰਘ, ਜਸਪ੍ਰੀਤ ਸਿੰਘ, ਪਰਮਵੀਰ ਸਿੰਘ, ਅਮਰੀਕ ਸਿੰਘ ਰੰਧਾਵਾ,ਗੁਰਬਿੰਦਰ ਸਿੰਘ, ਕੌਸ਼ਲ ਸਿੰਘ ਦਾਰਾਪੁਰ, ਅੰਮ੍ਰਿਤਪਾਲ ਸਿੰਘ ਸਹੋਤਾ, ਨਵੀਨ ਰਾਏ, ਜਸਵਿੰਦਰ ਲੇਹਲ, ਸੁਰਿੰਦਰ ਕੌਰ, ਕੰਵਲਜੀਤ ਕੌਰ ਗਿੱਲ, ਰਵਿੰਦਰਪਾਲ ਸਿੰਘ ਗਿੱਲ, ਗੁਰਸ਼ਨ ਸਿੰਘ ਰੰਧਾਵਾ, ਸ਼ਰਨ ਕੌਰ, ਧਰਮ ਸਿੰਘ ਮੈਰੀਪੁਰ, ਹੀਰਾ ਸਿੰਘ, ਜਸਵਿੰਦਰ ਸਿੰਘ, ਹਰਪ੍ਰਕਾਸ਼ ਸਿੰਘ,ਜਗੀਰ ਸਿੰਘ,ਮਨਮੋਹਨ ਸਿੰਘ ਧਾਲੀਵਾਲ, ਮਿੱਤਰਪਾਲ ਸਿੰਘ ਘੁੰਮਣ,ਜਸਵੀਰ ਸਿੰਘ ਸਹੋਤਾ, ਦਵਿੰਦਰ ਸਿੰਘ ਹੀਰਾ,ਰਮਿੰਦਰ ਸੰਧੂ ਆਦਿ ਮਹਿਮਾਨ ਸਮਾਗਮ ਦੀ ਸ਼ੋਭਾ ਵਧਾ ਰਹੇ ਸਨ। ਸਭਾ ਵਲੋਂ ਸੁਚਾ ਸਿੰਘ ਗਿੱਲ ਅਤੇ ਉਹਨਾਂ ਦੀ ਧਰਮ ਪਤਨੀ ਕੰਵਲਜੀਤ ਕੌਰ ਗਿੱਲ ਨੂੰ ਸਨਮਾਨਿਤ ਕੀਤਾ ਗਿਆ।ਸਿਆਟਲ ਦੀਆਂ ਸਤਿਕਾਰਿਤ ਸ਼ਖਸ਼ੀਅਤਾਂ ਅਮਰੀਕ ਸਿੰਘ ਰੰਧਾਵਾ, ਮਨਮੋਹਨ ਸਿੰਘ ਧਾਲੀਵਾਲ, ਧਰਮ ਸਿੰਘ ਮੈਰੀਪੁਰ ਨੂੰ ਵੀ ਸਨਮਾਨ ਚਿੰਨ੍ਹਾਂ ਨਾਲ ਨਿਵਾਜਿਆ ਗਿਆ। ਪ੍ਰੋਗਰਾਮ ਦੇ ਅਖੀਰ ਵਿੱਚ ਲਿਖਾਰੀ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਲੇਹਲ ਵੱਲੋਂ ਪੁਹੰਚੀਆਂ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਗਿਆ।ਕੈਮਰੇ ਦੀ ਸਥਿਰ ਅੱਖ ਅਤੇ ਘੁੰਮਦੀ ਫਿਰਦੀ ਅੱਖ ਨੂੰ ਰਣਜੀਤ ਸਿੰਘ ਮਲ੍ਹੀ ਅਤੇ ਜਸਵਿੰਦਰ ਕੌਰ ਲੇਹਲ ਨੇ ਪ੍ਰੋਗਰਾਮਤੇ ਕੇਂਦਰਿਤ ਕਰੀ ਰੱਖਿਆ। ਬਲਿਹਾਰ ਸਿੰਘ ਲ੍ਹੇਹਲ ਪ੍ਰਧਾਨ+1 206 244 4663 ਮੰਗਤ ਕੁਲਜਿੰਦ ਪੈ.ਸਕੱਤਰ +1 425 286 0163

## ਵੱਖ-ਵੱਖ ਜੱਥੇਬੰਦੀਆਂ ਵੱਲੋਂ ਆਦਿਵਾਸੀ ਲੋਕਾਂ ਦੇ ਹੱਕ ਵਿੱਚ ਪ੍ਰਦਰਸ਼ਨ

ਵਰਲਡ ਪੰਜਾਬੀ ਟਾਈਮਜ਼ – ਟਿੰਕੂ ਕੁਮਾਰ

ਕੋਟਕਪੂਰਾ, 28 ਫਰਵਰੀ : ਅੱਜ ਪੰਜਾਬ ਭਰ ਵਿੱਚ ਆਦਿਵਾਸੀਆਂ ਨੂੰ ਨਕਸਲਵਾਦ ਦੇ ਨਾਮ ’ਤੇ ਖ਼ਤਮ ਕਰਨ ਦੇ ਨਾਮ ਤੇ ਝੂਠੇ ਪੁਲੀਸ ਮੁਕਾਬਲਿਆਂ ਖ਼ਿਲਾਫ ਖੱਬੀਆਂ ਪਾਰਟੀਆਂ ਸੀ.ਪੀ.ਆਈ. ਐਮ.ਐਲ. ਨਿਊ ਡੈਮੋਕਰੇਸੀ, ਸੀ.ਪੀ.ਆਈ., ਇਨਕਲਾਬੀ ਕੇਂਦਰ ਪੰਜਾਬ ਅਤੇ ਆਰ.ਐਮ.ਪੀ.ਆਈ. ਸਮੇਤ ਵੱਖ-ਵੱਖ ਜਮਹੂਰੀ ਜਥੇਬੰਦੀਆਂ ਵੱਲੋਂ ਜ਼ਿਲਾਂ ਕੇਂਦਰਾਂ ਤੇ ਰੋਸ ਮੁਜ਼ਾਹਰੇ ਕੀਤੇ ਗਏ। ਫ਼ਰੀਦਕੋਟ ਡੀ.ਸੀ. ਦਫ਼ਤਰ ਅੱਗੇ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਹੋਇਆ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਰਨਲ ਸਕੱਤਰ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਅਤੇ ਸੀਪੀ ਈ ਦੇ ਜ਼ਿਲਾ ਸਕੱਤਰ ਅਸ਼ੋਕ ਕੌਸ਼ਲ ਨੇ ਸੰਬੋਧਨ



ਕਰਦਿਆਂ ਕਿਹਾ ਕਿ ਦੁਨੀਆਂ ਭਰ ਵਿੱਚ ਵਿਕਾਸ ਦੇ ਨਾਮ ਉਪਰ ਲੋਕਾਂ ਨੂੰ ਉਜਾੜ ਕੇ ਕਾਰਪੋਰੇਟਾਂ ਦੀਆਂ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ, ਉਹ ਭਾਵੇ ਲੋਕਾਂ ਦੀਆਂ ਜ਼ਮੀਨਾਂ ਖੋਹ ਕੇ ਕਾਰਪੋਰੇਟਾਂ ਨੂੰ ਦੇਣ ਦਾ ਮਾਮਲਾ ਹੋਵੇ ਭਾਵੇਂ ਆਦਿਵਾਸੀਆਂ ਨੂੰ ਉਜਾੜ ਕੇ ਦੇਸ਼ ਦੇ ਖਣਿਜ ਪਦਾਰਥ ਕਾਰਪੋਰੇਟਾਂ ਨੂੰ ਲੁਟਾਉਣ ਦਾ ਮਾਮਲਾ ਹੋਵੇ। ਕਾਰਪੋਰੇਟਾਂ ਖਿਲਾਫ਼ ਬੋਲਣ ਵਾਲੇ ਲੋਕਾਂ ਨੂੰ ਨਕਸਲਵਾਦ ਦੇ ਨਾਮ ਉਪਰ ਕਤਲ ਕੀਤਾ ਜਾ ਰਿਹਾ ਹੈ। ਨੌਜਵਾਨ ਭਾਰਤ ਸਭਾ ਦੇ ਆਗੂ ਨੌਨਿਹਾਲ ਦੀਪ ਸਿੰਘ ਵਾਲਾ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਹਰਵੀਰ ਕੌਰ, ਸੀਪੀਆਈ ਦੇ ਆਗੂ ਪਰਦੀਪ ਸਿੰਘ ਅਤੇ ਗੁਰਨਾਮ ਸਿੰਘ ਨੇ ਅਮਿਤ ਸ਼ਾਹ ਦਾ 2026 ਤੱਕ ਨਕਸਲਵਾਦ ਦੇ ਖਤਮ ਕਰਨ ਦੇ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਆਪਣੇ ਹੀ ਲੋਕਾਂ ਖਿਲਾਫ਼ ਜੰਗ ਬੰਦ ਕਰੇ। ਇਸ ਮੌਕੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੁਤਲਾ ਫੂਕ ਕੇ ਕੇਂਦਰ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਨਰੇਗਾ ਰੁਜਗਾਰ ਪ੍ਰਾਪਤੀ ਮਜ਼ਦੂਰ ਸਭਾ ਦੇ ਆਗੂ ਗੋਰਾ ਸਿੰਘ ਪਿਪਲੀ, ਸੀਪੀਆਈ ਐਮਐਲ ਲਿਬਰੇਸ਼ਨ ਦੇ ਆਗੂ ਸਤਨਾਮ ਸਿੰਘ ਨੇ ਸੰਬੋਧਨ ਕੀਤਾ।

## ਪਿੰਡ ਹਰੀ ਨੌਂ ਦੇ ਸੁਖਚੈਨ ਸਿੰਘ ਸਿੱਧੂ ਜਾਟ ਮਹਾਂ ਸਭਾ ਦੇ ਬਣੇ ਪ੍ਰਧਾਨ, ਨੌਜਵਾਨ ਕਿਸਾਨਾਂ ਦੇ ਵਫਦ ਵਲੋਂ ਖੁਸ਼ੀ ਦਾ ਪ੍ਰਗਟਾਵਾ

ਵਰਲਡ ਪੰਜਾਬੀ ਟਾਈਮਜ਼ – ਟਿੰਕੂ ਕੁਮਾਰ



ਕੋਟਕਪੂਰਾ, 28 ਫਰਵਰੀ : ਜਾਟ ਮਹਾਂਸਭਾ ਦੇ ਰਾਸ਼ਟਰੀ ਪ੍ਰਧਾਨ ਚੌਧਰੀ ਵੀਰਪਾਲ ਸਿੰਘ ਵਲੋਂ ਸੁਖਚੈਨ ਸਿੰਘ ਸਿੱਧੂ ਸਪੁੱਤਰ ਸੁਖਦੇਵ ਸਿੰਘ ਸਿੱਧੂ ਸਾਬਕਾ ਸੈਨਿਕ ਨੂੰ ਹਰੀਨੌਂ ਨੂੰ ਜਾਟ ਮਹਾਂਸਭਾ ਪੰਜਾਬ ਯੂਥ ਵਿੰਗ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ, ਜਦਕਿ ਸੁਖਮਨ ਸਿੰਘ ਨੂੰ ਮਾਲਵਾ ਜੋਨ ਦਾ ਪ੍ਰਧਾਨ ਅਤੇ ਪ੍ਰਭਦੀਪ ਸਿੰਘ ਗੰਗਾ ਨੂੰ ਮੀਤ ਪ੍ਰਧਾਨ ਲਾਇਆ ਗਿਆ ਹੈ। ਉਨ੍ਹਾਂ ਦੀ ਇਸ ਨਿਯੁਕਤੀ ਸਬੰਧੀ ਨਗਰ ਹਰੀਨੌਂ ਵਿਖੇ ਨੌਜਵਾਨ ਕਿਸਾਨਾਂ ਦੇ ਵਫਦ ਵਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਨੌਜਵਾਨਾਂ ਨੇ ਕਿਹਾ ਕਿ ਸੁਖਚੈਨ ਸਿੰਘ ਕਿਸਾਨੀ ਹਿੱਤਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨ ਆਗੂ ਹਨ ਅਤੇ ਕਿਸਾਨਾਂ ਦੇ ਮਸਲੇ ਕੇਂਦਰ ਸਰਕਾਰ ਦੇ ਮੰਚ ਤੱਕ ਪਹੁਚਾਉਣ ਦੀਆਂ ਉਨ੍ਹਾਂ ਤੋਂ ਵੱਡੀਆਂ ਉਮੀਦਾਂ ਹਨ। ਪਿੰਡ ਹਰੀਨੌਂ ਦੇ ਪੰਚ, ਸਰਪੰਚ, ਸਾਬਕਾ ਸਰਪੰਚ ਅਤੇ ਨੰਬਰਦਾਰਾਂ ਵਲੋਂ ਸੁਖਚੈਨ ਸਿੰਘ ਸਿੱਧੂ ਨੂੰ ਪੰਜਾਬ ਜਾਟ ਮਹਾਂਸਭਾ ਯੂਥ ਵਿੰਗ ਦਾ ਪ੍ਰਧਾਨ ਨਿਯੁਕਤ ਹੋਣ ’ਤੇ ਵਧਾਈਆਂ ਦਿਤੀਆਂ ਗਈਆਂ।

## ਲੇਖਕਾਂ ਨੇ ਮਾਂ ਬੋਲੀ ਪੰਜਾਬੀ ਲਈ ਪ੍ਰਭਾਵਸ਼ਾਲੀ ਲੋਕ ਜਾਗਾਵਾ ਕੀਤਾ

ਵਰਲਡ ਪੰਜਾਬੀ ਟਾਈਮਜ਼ – ਡਾ. ਭਗਵੰਤ ਸਿੰਘ

ਸੰਗਰੂਰ 28 ਫਰਵਰੀ : “ਮਾਂ ਬੋਲੀ ਜੇ ਭੁੱਲ ਜਾਵੋਂਗੇ, ਕੱਖਾਂ ਵਾਂਗੂ ਰੁਲ ਜਾਵੋਂਗੇ” ਇਹ ਨਾਅਰਾ ਅੱਜ ਵੱਡਾ ਚੌਂਕ, ਸੰਗਰੂਰ ਵਿਖੇ ਅੰਤਰ ਰਾਸ਼ਟਰੀ ਮਾਂ ਬੋਲੀ ਦਿਵਸ ਦੇ ਅਵਸਰ ਤੇ ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬੀ ਭਾਸ਼ਾ ਨੂੰ ਬਣਦਾ ਸਤਿਕਾਰ ਦਿਵਾਉਣ ਲਈ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਢੋਲ ਵਜਾ ਕੇ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਲੋਕ ਜਗਾਵੇ ਸਮੇਂ ਬੁਲੰਦ ਅਵਾਜ ਵਿੱਚ ਗੂੰਜਿਆ। ਸਾਹਿਤ ਰਤਨ ਡਾ. ਤੇਜਵੰਤ ਮਾਨ ਦੀ



ਸਰਪ੍ਰੀਤਸੀ ਅਤੇ ਪੰਜਾਬੀ ਸਾਹਿਤ ਸਭਾ ਸੰਗਰੂਰ ਦੇ ਪ੍ਰਧਾਨ ਡਾ. ਭਗਵੰਤ ਸਿੰਘ ਦੀ ਅਗਵਾਈ ਹੇਠ ਜਗਦੀਪ ਸਿੰਘ, ਕੁਲਵੰਤ ਕਸਕ, ਜੋਰਾ ਸਿੰਘ ਮੰਡੇਰ, ਅਮਰ ਗਰਗ ਕਲਮਦਾਨ, ਸੁਰਿੰਦਰਪਾਲ ਸਿੰਘ ਸਿਦਕੀ, ਡਾ. ਰਾਜੀਵ ਪੁਰੀ, ਮੀਤ ਸਕਰੌਦੀ, ਡਾ. ਇਕਬਾਲ ਸਿੰਘ, ਬਲਵੀਰ ਚੰਦ ਲੌਂਗੋਵਾਲ, ਸੰਦੀਪ ਸਿੰਘ, ਚਰਨਜੀਤ ਸਿੰਘ, ਹਰੀ ਚੰਦ, ਕਾਮਰੇਡ ਕੌਰ ਸੈਨ, ਦਰਸ਼ਨ ਸਿੰਘ ਢੀਂਡਸਾ, ਏ.ਪੀ. ਸਿੰਘ ਆਦਿ ਅਨੇਕਾਂ ਚਿੰਤਕਾਂ ਤੇ ਸਾਹਿਤਕਾਰਾਂ ਨੇ ਆਪਣੇ ਭਾਵ ਪ੍ਰਗਟ ਕਰਦੇ ਹੋਏ ਰਾਜ ਭਾਸ਼ਾ ਐਕਟ ਨੂੰ ਸਖਤੀ ਲਾਗੂ ਕੀਤਾ ਜਾਵੇ ਅਤੇ ਸਰਕਾਰੀ ਤੇ ਗੈਰ ਸਰਕਾਰੀ ਦਫ਼ਤਰਾਂ ਅਦਾਲਤਾਂ ਅਤੇ ਹੋਰ ਅਦਾਰਿਆਂ ਵਿੱਚ ਹਰ ਪੱਧਰ ਤੇ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਜਾਵੇ। ਲੇਖਕਾਂ ਨੇ ਦੁਕਾਨਦਾਰਾਂ ਨੂੰ ਪੰਜਾਬੀ ਵਿੱਚ ਸਾਈਨ ਬੋਰਡ ਲਾਉਣ ਲਈ ਪ੍ਰੇਰਿਆ। ਡਾ. ਮਾਨ ਨੇ ਕੌਮਾਂਤਰੀ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ।

## ਮਹਿਤਾ ਪਰਿਵਾਰ ਵੱਲੋਂ ਸੰਸਥਾਵਾਂ ਦੇ ਸਹਿਯੋਗ ਨਾਲ ਦੂਸਰੀ ਵਿਸ਼ਾਲ “ਸ੍ਰੀ ਸ਼ਿਵ ਮਹਾਂਪੁਰਾਣ ਕਥਾ” ਦੀਆਂ ਤਿਆਰੀਆਂ ਜ਼ੋਰਾਂ ’ਤੇ

### ਮੁਫ਼ਤ ਪਾਸ ਦੀ ਵਿਵਸਥਾ ਸ਼ੁਰੂ, ਸ਼ਰਧਾਲੂ ਕਰਵਾ ਸਕਦੇ ਹਨ ਆਨਲਾਈਨ ਪਾਸ ਬੁੱਕ: ਸ੍ਰੀ ਅਮਰਜੀਤ ਮਹਿਤਾ

### ਸ੍ਰੀ ਵੈਸ਼ਨੂੰ ਮਾਤਾ ਮੰਦਰ, ਪਟੇਲ ਨਗਰ ਰਿੰਗ ਰੋਡ ਦੇ ਨੇੜੇ ਅੰਤਰਰਾਸ਼ਟਰੀ ਕਥਾਵਾਚਕ ਪੰਡਿਤ ਪ੍ਰਦੀਪ ਮਿਸ਼ਰਾ ਸੁਨਾਉਣਗੇ ਕਥਾ

### ਮੁਫ਼ਤ ਪਾਸ ਦੀ ਵਿਵਸਥਾ ਸ਼ੁਰੂ, ਸ਼ਰਧਾਲੂ ਕਰਵਾ ਸਕਦੇ ਹਨ ਆਨਲਾਈਨ ਪਾਸ ਬੁੱਕ: ਸ੍ਰੀ ਅਮਰਜੀਤ ਮਹਿਤਾ

ਵਰਲਡ ਪੰਜਾਬੀ ਟਾਈਮਜ਼ – ਗੁਰਪ੍ਰੀਤ ਚਹਿਲ



ਬਠਿੰਡਾ,28 ਫਰਵਰੀ : ਪੰਜਾਬ ਦੇ ਦਿਲ ਮਾਲਵਾ ਦੇ ਇਤਿਹਾਸਿਕ ਸ਼ਹਿਰ ਬਠਿੰਡਾ ਨੂੰ ਸਮਾਜਿਕ ਬੁਰਾਈਆਂ ਤੋਂ ਮੁਕਤ ਕਰਨ ਅਤੇ ਨੌਜਵਾਨਾਂ ਨੂੰ ਧਾਰਮਿਕ ਲਹਿਰ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਕਰ ਰਹੇ ਮਹਿਤਾ ਪਰਿਵਾਰ ਵੱਲੋਂ ਆਮ ਜਨਤਾ ਅਤੇ ਸਾਰੀਆਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਦੂਸਰੀ ਵਿਸ਼ਾਲ “ਸ੍ਰੀ ਸ਼ਿਵ ਮਹਾਂਪੁਰਾਣ ਕਥਾ” ਦਾ ਆਯੋਜਨ 6 ਮਾਰਚ ਤੋਂ 12 ਮਾਰਚ ਤੱਕ ਸ੍ਰੀ ਵੈਸ਼ਨੂੰ ਮਾਤਾ ਮੰਦਿਰ, ਪਟੇਲ ਨਗਰ, ਰਿੰਗ ਰੋਡ ਦੇ ਨੇੜੇ ਕੀਤਾ ਜਾ ਰਿਹਾ ਹੈ। ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਅਮਰਜੀਤ ਮਹਿਤਾ ਅਤੇ ਬਠਿੰਡਾ ਦੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਦੱਸਿਆ ਕਿ ਪ੍ਰਸਿੱਧ ਅੰਤਰਰਾਸ਼ਟਰੀ ਕਥਾਵਾਚਕ ਪੰਡਿਤ ਪ੍ਰਦੀਪ ਮਿਸ਼ਰਾ ਸੀਹੋਰ ਵਾਲਿਆਂ ਵੱਲੋਂ ਆਪਣੇ ਮੁਖਾਰਬਿੰਦ ਰਾਹੀਂ ਕਥਾ ਸੁਣਾ ਕੇ ਸ਼ਰਧਾਲੂਆਂ ਨੂੰ ਨਿਹਾਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲੇ ਤਿੰਨ ਦਿਨ 6 ਮਾਰਚ ਤੋਂ 8 ਮਾਰਚ ਤੱਕ ਦੁਪਹਿਰ 1 ਵਜੇ ਤੋਂ ਸ਼ਾਮ 4 ਵਜੇ ਤੱਕ ਅਤੇ ਅੰਤਿਮ ਚਾਰ ਦਿਨ 9 ਮਾਰਚ ਤੋਂ 12 ਮਾਰਚ ਤੱਕ ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ ਕਥਾ ਸੁਣਾਈ ਜਾਵੇਗੀ। ਉਨ੍ਹਾਂ ਦੱਸਿਆ ਕੀ ਬੱਸ ਅੱਡੇ ਵਾਲੀ ਸਾਈਟ ’ਤੇ ਕਰੀਬ 20 ਏਕੜ ਜਗ੍ਹਾ ਵਿੱਚ ਉਕਤ ਵਿਸ਼ਾਲ ਧਾਰਮਿਕ ਸਮਾਰੋਹ ਲਈ ਤਿਆਰੀਆਂ ਜ਼ੋਰਾਂ ਸ਼ੋਰਾਂ ’ਤੇ ਚੱਲ ਰਹੀਆਂ ਹਨ। ਸ੍ਰੀ ਮਹਿਤਾ ਨੇ ਦੱਸਿਆ ਕਿ ਰਿੰਗ ਰੋਡ ਦੀ ਸਲਿਪ ਰੋਡ ਅਤੇ ਇੰਪਰੂਵਮੈਂਟ ਟਰੱਸਟ ਦੇ ਪਲਾਟ ਵਿੱਚ ਪਾਰਕਿੰਗ ਦੀ ਵਿਵਸਥਾ ਕੀਤੀ ਗਈ ਹੈ, ਜਦੋਂ ਕਿ ਟਰੈਫਿਕ ਸੁਧਾਰ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰੋਡ ਮੈਪ ਜਾਰੀ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 5 ਮਾਰਚ ਦੀ ਸਵੇਰੇ 11 ਵਜੇ ਪ੍ਰਾਚੀਨ ਸ੍ਰੀ ਹਨੁਮਾਨ ਮੰਦਰ, ਪੋਸਟ ਆਫਿਸ ਬਾਜ਼ਾਰ ਤੋਂ ਪੰਜਾਬੀ ਸੱਭਿਅਤਾ ਅਤੇ ਰੰਗਲਾ ਪੰਜਾਬ ਦਰਸਾਉਂਦੀ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾਵੇਗੀ, ਜੋ ਸ੍ਰੀ ਹਨੂੰਮਾਨ ਮੂਰਤੀ ਦੇ ਨੇੜੇ ਸਮਾਪਤ ਹੋਵੇਗੀ। ਇਸ ਯਾਤਰਾ ਵਿੱਚ ਬੱਚੇ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਪੋਸ਼ਾਕਾਂ ਵਿੱਚ ਨਜ਼ਰ ਆਉਣਗੇ। ਇਸ ਦੌਰਾਨ ਭੰਗੜਾ, ਗਿੱਦਾ ਤੇ ਹੋਰ ਸਭਿਆਚਾਰਕ ਪ੍ਰੋਗ੍ਰਾਮ ਦਾ ਆਯੋਜਨ ਵੀ ਹੋਵੇਗਾ, ਮਹਿਲਾਵਾਂ ਵੱਲੋਂ ਕਲਸ਼ ਯਾਤਰਾ ਕੱਢੀ ਜਾਵੇਗੀ, ਜਦੋਂ ਕਿ ਰੱਥ, ਹਾਥੀ, ਘੋੜੇ ਵੀ ਇਸ ਯਾਤਰਾ ਵਿੱਚ ਸ਼ਾਮਿਲ ਹੋਣਗੇ। ਪੀਸੀਏ ਪ੍ਰਧਾਨ ਸ੍ਰੀ ਅਮਰਜੀਤ ਮਹਿਤਾ ਨੇ ਦੱਸਿਆ ਕਿ ਬਠਿੰਡਾ ਵਿੱਚ ਆਯੋਜਿਤ ਹੋ ਰਹੀ ਦੂਸਰੀ ਵਿਸ਼ਾਲ “ਸ੍ਰੀ ਸ਼ਿਵ ਮਹਾਂਪੁਰਾਣ ਕਥਾ” ਲਈ ਮੁਫਤ ਪਾਸ ਸ਼ੁਰੂ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਹੋਟਲ ਗੋਲਡ ਸਟਾਰ ਬੀਬੀ ਵਾਲਾ ਰੋਡ, ਪਾਂਧੀ ਪ੍ਰੋਪਰਟੀਜ਼ ਆਦਰਸਨ ਅਗਰ ਗਲੀ ਨੰਬਰ ਇੱਕ, ਵਾਰਡ ਨੰਬਰ 48 ਵਿੱਚ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਦੇ ਦਫਤਰ, ਰਾਕੇਸ਼ ਕੁਮਾਰ ਬੌਬੀ ਬਿਰਲਾ ਮਿਲ ਕਲੋਨੀ ਗਲੀ ਨੰਬਰ ਇੱਕ, ਵਾਰੀਜ ਕੈਟਰਰਜ਼ ਰਾਜ ਬੁਕ ਸੈਂਟਰ ਡਾਕਟਰ ਓਪੀ ਮਿੱਤਲ ਦੇ ਨੇੜੇ ਕੋਰਟ ਰੋਡ, ਫਰੈਮਿੰਗ ਮੂਮੈਂਟ ਸਟੂਡੀਓ ਨਵੀਂ ਬਸਤੀ ਗਲੀ ਨੰਬਰ 6, ਸੋਨੂੰ ਫੋਟੋਗ੍ਰਾਫੀ ਨਵੀਂ ਬਸਤੀ ਗਲੀ ਨੰਬਰ 6, ਸਾਫਟੇਲ ਸੋਲੂਸ਼ਨ ਮਕਾਨ ਨੰਬਰ 3039-ਏ ਪਾਵਰ ਹਾਊਸ ਰੋਡ ਤੇ ਔਹਰੀ ਆਉਟਲੇਟ੍ਸ ਨੇੜੇ ਰੈੱਡ ਕਰਾਸ ਮਾਰਕੀਟ ਗੋਲ ਡਿੱਗੀ ਤੋਂ ਸ਼ਰਧਾਲੂ ਮੁਫ਼ਤ ਪਾਸ ਲੈ ਸਕਦੇ ਹਨ। ਦੂਸਰੇ ਸੂਬਿਆਂ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਈ-ਪਾਸ ਦੀ ਵਿਵਸਥਾ ਵੀ ਕੀਤੀ ਗਈ ਹੈ। ਜਿਸ ਦੇ ਲਈ ਵੈਬਸਾਈਟ https://shivkatha.softelsolutions.in/ ਤੋਂ ਸ਼ਰਧਾਲੂ ਆਪਣੇ ਪਾਸ ਬੁੱਕ ਕਰਵਾ ਸਕਦੇ ਹਨ ਅਤੇ ਸਕੈਨਰ ਦੀ ਵਿਵਸਥਾ ਵੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸ਼ਰਧਾਲੂਆਂ ਵੱਲੋਂ ਆਪਣੀ ਸ਼ਰਧਾ ਅਨੁਸਾਰ ਦਿੱਤੇ ਜਾਣ ਵਾਲੇ ਫੰਡ ਲਈ ਅਕਾਊਂਟ ਨੰਬਰ 0148102100001251, ਦ ਵਾਈਟ ਪੇਪਰ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਇਟੀ, ਪੰਜਾਬ ਨੈਸ਼ਨਲ ਬੈਂਕ, ਬਠਿੰਡਾ (Account no: 0148102100001251, Account Name : The White Paper education and welfare Society, IFSC : PUNB0014810, Punjab National Bank, Bank street , Bathinda) ਵੀ ਜਾਰੀ ਕੀਤਾ ਗਿਆ ਹੈ। ਆਰਤੀ ਅਤੇ ਪੰਡਿਤ ਪ੍ਰਦੀਪ ਮਿਸ਼ਰਾ ਜੀ ਨਾਲ ਸਵਾਲ ਜਵਾਬ ਲਈ ਪਰਚੀ ਕਟਵਾਉਣ ਸੰਬੰਧੀ ਰਸ਼ੀਦਾਂ ਵੀ ਤਿਆਰ ਕੀਤੀ ਗਈ ਹੈ, ਜੋ ਉਕਤ ਪਾਸ ਸੈਂਟਰਾਂ ਤੋਂ ਹੀ ਮਿਲਣਗੀਆਂ। ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਅਮਰਜੀਤ ਮਹਿਤਾ ਨੇ ਦੱਸਿਆ ਕਿ ਸ਼ਹਿਰ ਵਿੱਚ ਇੱਕ ਹੀ ਤਰ੍ਹਾਂ ਦੇ ਡਿਜ਼ਾਇਨ ਵਾਲੇ ਪੋਸਟਰ ਲਗਾਏ ਗਏ ਹਨ, ਇਸ ਤੋਂ ਇਲਾਵਾ ਕਿਸੇ ਹੋਰ ਡਿਜ਼ਾਇਨ ਵਿੱਚ ਲਗਾਏ ਗਏ ਪੋਸਟਰ ਉਨ੍ਹਾਂ ਨਾਲ ਸੰਬੰਧਿਤ ਨਹੀਂ ਹਨ। ਉਨ੍ਹਾਂ ਦੱਸਿਆ ਕਿ ਕਥਾ ਤੋਂ ਪਹਿਲਾਂ ਪੂਰੇ ਬਠਿੰਡਾ ਨੂੰ ਸੁੰਦਰ ਲਾਈਟਿੰਗ ਨਾਲ ਸਜਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਵਾਰ 20 ਏਕੜ ਜਗ੍ਹਾ ’ਤੇ ਕਰੀਬ 20 ਤੋਂ 30 ਲੱਖ ਸ਼ਰਧਾਲੂਆਂ ਦੇ ਪਹੁੰਚਣ ਦੀ ਉਮੀਦ ਹੈ, ਜਿਨ੍ਹਾਂ ਲਈ ਬਹੁਤ ਹੀ ਚੰਗੇ ਅਤੇ ਉਚਿਤ ਪ੍ਰਬੰਧ ਕੀਤੇ ਗਏ ਹਨ। ਇਸ ਦੌਰਾਨ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਦੱਸਿਆ ਕਿ ਸ਼ਰਧਾਲੂਆਂ ਦੇ ਰਹਿਣ, ਖਾਣ-ਪੀਣ ਦੀ ਵਿਵਸਥਾ, ਮੋਬਾਈਲ ਟੁਆਇਲੈਟ ਦੀ ਸੁਵਿਧਾ ਸਮੇਤ ਮੈਡੀਕਲ ਸੁਵਿਧਾ ਦੇਣ ਲਈ ਦੋ ਐਂਬੂਲੈਂਸ ਪ੍ਰੋਗ੍ਰਾਮ ਵਾਲੀ ਜਗ੍ਹਾ ਦੇ ਗੇਟ ਦੇ ਨੇੜੇ ਤੈਨਾਤ ਰਹਿਣਗੀਆਂ ਅਤੇ ਛੋਟੀਆਂ ਡਿਸਪੈਂਸਰੀਆਂ ਵੀ ਸਥਾਪਿਤ ਕੀਤੀਆਂ ਗਈਆਂ ਹਨ। ਉਨ੍ਹਾਂ ਸ਼ਰਧਾਲੂਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕੋਈ ਵੀ ਮਹਿੰਗੀ ਚੀਜ਼, ਜਾਂ ਗਹਿਣੇ ਆਪਣੇ ਨਾਲ ਨਾ ਲੈ ਕੇ ਆਉਣ, ਬਲਕਿ ਜਰੂਰਤ ਦੀ ਚੀਜ਼ ਹੀ ਨਾਲ ਲੈ ਕੇ ਆਉਣ, ਤਾਂ ਜੋ ਕਿਸੇ ਵੀ ਲੁੱਟ ਦੀ ਵਾਰਦਾਤ ਦਾ ਸ਼ਿਕਾਰ ਹੋਣ ਤੋਂ ਬਚਿਆ ਜਾ ਸਕੇ।

# ਮਨੀ ਧੀਰ ਤੋਂ ਮਨਦੀਪ ਸਿੰਘ ਖ਼ਾਲਸਾ ਬਣਨਾ ਹੀ ਅੱਖਾਂ ਵਿੱਚ ਚੁੱਭ ਰਿਹਾ ਹੈ

## ਦਲ ਖ਼ਾਲਸਾ ਜਥੇਬੰਦੀ ਨਾਲ ਜੁੜਦਾ ਹੀ ਪਸੰਦ ਨਹੀਂ ਆਇਆ ਪਿੰਡ ਵਾਸੀਆਂ ਨੂੰ

## ਮਨਦੀਪ ਸਿੰਘ ਖ਼ਾਲਸਾ ਜੀ ਨੂੰ ਅਤੇ ਉਨਾਂ ਦੇ ਪਰਿਵਾਰ ਨੂੰ ਮਜ਼ਬੂਰ ਕੀਤਾ ਜਾ ਰਿਹਾ ਹੈ ਕਿ ਉਹ ਅੰਮ੍ਰਿਤ ਭੰਗ ਕਰਕੇ ਦੁਬਾਰਾ ਡਾ. ਅੰਬੇਦਰਕਰ ਸਾਹਿਬ ਦੀ ਜਥੇਬੰਦੀ ਵਿੱਚ ਸ਼ਾਮਲ ਹੋਣ

## ਮਸਲਾ ਸਿਰਫ ਇਹ ਕਿ ਸਿੰਘ ਨੇ ਸਿੱਖ ਰਹਿਤ ਮਰਿਆਦਾ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਮਹਾਰਾਜ ਦੀ ਹਜੂਰੀ ਵਿੱਚ ਡਾ. ਅੰਬੇਦਕਰ ਜੀ ਉੱਪਰ ਲਿਖੇ ਗੀਤ ਗਾਉਣ ਤੋਂ ਰੋਕਿਆ

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ




ਅੱਜ ਬਹੁਤ ਦੁੱਖ ਹੋਇਆ ਜਦੋਂ ਮੈਨੂੰ ਪਤਾ ਲੱਗਾ ਕਿ ਗੁਰਾਇਆਂ ਦੇ ਪਿੰਡ ਰੁੜਕਾ ਖੁਰਦ ਵਿਖੇ ਸਾਡੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੇ ਲੇਖਕ ਮਨਦੀਪ ਸਿੰਘ ਖ਼ਾਲਸਾ ਜੀ, ਉਨਾਂ ਦੇ ਵੱਡੇ ਭਰਾ ਸੰਦੀਪ ਸਿੰਘ ਖ਼ਾਲਸਾ ਜੀ, ਉਨਾਂ ਦੇ ਪਿਤਾ ਅਤੇ ਉਨਾਂ ਦੇ ਤਾਇਆ ਜੀ ਦੇ ਪੁੱਤ ਦੇ ਖਿਲਾਫ ਉਨਾਂ ਦੇ ਹੀ ਪਿੰਡ ਨਿਵਾਸੀਆਂ ਨੇ ਹੀ ਪਰਚਾ ਦਰਜ ਕਰਵਾ ਦਿੱਤਾ ਹੈ। ਇਹ ਪਰਚਾ 23 ਫਰਵਰੀ 2025 ਨੂੰ ਦਰਜ ਕਰਵਾਇਆ ਗਿਆ। ਸਾਰੇ ਮਾਮਲੇ ਬਾਰੇ ਜਦੋਂ ਲੇਖਕ ਮਨਦੀਪ ਸਿੰਘ ਖ਼ਾਲਸਾ ਜੀ ਦੇ ਪਰਿਵਾਰਕ ਮੈਂਬਰਾਂ ਨਾਲ ਗੱਲ ਕੀਤੀ ਅਤੇ ਹੋਰ ਪਿੰਡ ਨਿਵਾਸੀਆਂ ਨਾਲ ਗੱਲ ਕੀਤੀ ਤਾਂ ਪਤਾ ਲੱਗਾ ਕਿ ਸਾਡੇ ਹੋਣਹਾਰ ਲੇਖਕ ਮਨਦੀਪ ਸਿੰਘ ਖ਼ਾਲਸਾ ਨਾਲ ਉਨਾਂ ਦੇ ਪਿੰਡ ਦੇ ਹੀ ਉਨਾਂ ਦਾ ਭਾਈਚਾਰਾ ਹੀ ਰੰਜਿਸ਼ ਰੱਖਦਾ ਹੈ। ਕਿਉਂਕਿ ਮਨਦੀਪ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਸਿੰਘ ਸੱਜ ਕੇ ਆਪਣੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਵੀ ਗੁਰੂ ਘਰ ਨਾਲ ਜੋੜਿਆ ਹੈ। ਇਸ ਸਮੇਂ ਮਨਦੀਪ ਸਿੰਘ ਦੇ ਭਰਾ ਸੰਦੀਪ ਸਿੰਘ ਵੀ ਸਿੰਘ ਸਜੇ ਹੋਏ ਹਨ ਅਤੇ ਉਨਾਂ ਦੀ ਭਾਬੀ ਵੀ ਪੂਰੇ ਸਿੱਖੀ ਸਰੂਪ ਵਿੱਚ ਹਨ ਅਤੇ ਸਿਰ ਤੇ ਕੇਸਗੀ ਸਜਾਉਂਦੇ ਹਨ। ਇਹ ਖ਼ਾਲਸਾ ਰੂਪ ਹੀ ਉਨਾਂ ਦੇ ਪਿੰਡ ਦੇ ਐਸ.ਸੀ ਭਾਈਚਾਰੇ ਨੂੰ ਖੱਟਕਣ ਲੱਗ ਪਿਆ ਅਤੇ ਪਿਛਲੇ ਕੁਝ ਸਾਲਾਂ ਤੋਂ ਮਨਦੀਪ ਸਿੰਘ ਖ਼ਾਲਸਾ ਨਾਲ ਉਨਾਂ ਦੇ ਹੀ ਭਾਈਚਾਰੇ ਦੀ ਰੰਜਿਸ਼ ਸ਼ੁਰੂ ਹੋ ਗਈ। 23 ਫਰਵਰੀ ਨੂੰ ਜਦੋਂ ਪਿੰਡ ਵਿੱਚ ਗੁਰੂ ਰਵਿਦਾਸ ਜੀ ਦੇ ਜਨਮ ਦਿਵਸ ਸੰਬੰਧੀ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਸਮਾਗਮ ਚੱਲ ਰਹੇ ਸੀ ਤਾਂ ਮਨਦੀਪ ਸਿੰਘ ਖ਼ਾਲਸਾ ਜੀ ਦੇ ਹੀ ਭਾਈਚਾਰੇ ਦੇ ਲੋਕ ਡਾ. ਅੰਬੇਦਕਰ ਸਾਹਿਬ ਦੇ ਨਾਮ ਦੇ ਗੀਤ ਜਾਣ ਬੁੱਝ ਕੇ ਗਾਉਣ ਲੱਗ ਪਏ ਕਿਉਂਕਿ ਉਨਾਂ ਨੂੰ ਪਤਾ ਸੀ ਕਿ ਮਨਦੀਪ ਸਿੰਘ ਖ਼ਾਲਸਾ ਪੂਰਨ ਤੌਰ ਤੇ ਸਿੱਖ ਸੱਜ ਕੇ ਹੁਣ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਕਿਸੇ ਤਰਾਂ ਦੀ ਬੇਅਦਬੀ ਨਹੀਂ ਹੋਣ ਦੇਣਗੇ ਅਤੇ ਜਦੋਂ ਉਹ ਬੋਲਣਗੇ ਤਾਂ ਸ਼ਰਾਰਤੀ ਅਨਸਰਾਂ ਦੀ ਸੋਚੀ ਸਮਝੀ ਸਾਜ਼ਿਸ਼ ਦੇ ਤਹਿਤ ਡਾ. ਅੰਬੇਦਕਰ ਸਾਹਿਬ ਦੀ ਜਥੇਬੰਦੀ ਨੂੰ ਭੜਕਾਇਆ ਗਿਆ ਕਿ ਮਨਦੀਪ ਸਿੰਘ ਖ਼ਾਲਸਾ ਬਾਬਾ ਅੰਬੇਦਕਰ ਸਾਹਿਬ ਦੀ ਸ਼ਾਨ ਦੇ ਖਿਲਾਫ ਭੁਗਤ ਰਿਹਾ ਹੈ। ਜਦਕਿ ਇਸ ਵਿੱਚ ਬਿਲਕੁਲ ਸੱਚਾਈ ਨਹੀਂ ਕਿਉਂਕਿ ਮਨਦੀਪ ਸਿੰਘ ਜੀ ਖੁਦ ਐਸ.ਸੀ ਭਾਈਚਾਰੇ ਨਾਲ ਸਬੰਧਤ ਹਨ ਅਤੇ ਉਨਾਂ ਦਾ ਸਾਰਾ ਪਰਿਵਾਰ ਵੀ ਸਭ ਦੇ ਨਾਲ ਸਤਿਕਾਰ ਨਾਲ ਪੇਸ਼ ਆਉਂਦੇ ਹਨ। ਜਦਕਿ ਮਨਦੀਪ ਸਿੰਘ ਖਾਲਸਾ ਜੀ ਦਾ ਉਦੇਸ਼ ਸਿਰਫ ਗੁਰੂ ਘਰ ਦੀ ਰਹਿਤ ਮਰਿਆਦਾ ਨੂੰ ਮੁੱਖ ਰੱਖ ਕੇ ਹਰ ਕਿਸੇ ਨੂੰ ਬੇਅਦਬੀ ਨਾ ਕਰਣ ਲਈ ਵਰਜਨਾ ਹੈ। ਦੂਜੇ ਪਾਸੇ ਪਿੰਡ ਵਾਸੀਆਂ ਨੇ ਮਨਦੀਪ ਸਿੰਘ ਨਾਲ ਆਪਣੀ ਰੰਜਿਸ਼ ਕੱਢਣ ਲਈ ਧਾਰਮਿਕ ਭਾਵਨਾਵਾਂ ਨੂੰ ਜ਼ਰੀਆ ਬਣਾ ਕੇ ਇੱਕ ਅਨਪੜਤਾ ਅਤੇ ਆਪਣੀ ਨੀਵੀਂ ਸੋਚ ਦਾ ਪ੍ਰਗਟਾਵਾ ਕੀਤਾ ਹੈ। ਬਾਬਾ ਅੰਬੇਦਕਰ ਸਾਹਿਬ ਦਾ ਨਾਮ ਵਰਤ ਕੇ ਆਪਣੀ ਆਪਸੀ ਰੰਜਿਸ਼ ਨੂੰ ਧਾਰਮਿਕ ਮੁੱਦਾ ਬਣਾ ਕੇ ਜਥੇਬੰਦੀਆਂ ਦੇ ਸਾਹਮਣੇ ਪੇਸ਼ ਕਰਕੇ ਜਥੇਬੰਦੀਆਂ ਦੇ ਰਸੂਖ ਨੂੰ ਵਰਤ ਕੇ ਮਨਦੀਪ ਸਿੰਘ ਖ਼ਾਲਸਾ ਦੇ ਪਰਿਵਾਰ ਦੇ ਖਿਲਾਫ ਪਰਚਾ ਵੀ ਦਰਜ ਕਰ ਦਿੱਤਾ ਅਤੇ ਸਿੱਖ ਰਹਿਤ ਮਰਿਆਦਾ ਦੀਆਂ ਗੱਲਾਂ ਕਰਣ ਵਾਲੇ ਸਿੰਘ ਨੂੰ ਵੀ ਗਲਤ ਸਾਬਿਤ ਕਰਣ ਤੇ ਤੁਰ ਪਏ ਹਨ। ਇਸ ਪਰਚੇ ਵਿੱਚ ਪੁਲਿਸ ਪ੍ਰਸ਼ਾਸਨ ਨੇ ਸੰਦੀਪ ਸਿੰਘ ਖਾਲਸਾ ਜੀ ਨੂੰ ਅਤੇ ਉਨਾਂ ਦੇ ਤਾਏ ਦੇ ਪੁੱਤ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਮਨਦੀਪ ਸਿੰਘ ਖਾਲਸਾ ਜੀ ਅਤੇ ਉਨਾਂ ਦੇ ਪਿਤਾ ਦੀ ਤਲਾਸ਼ ਜਾਰੀ ਹੈ। ਮਸਲਾ ਸਿਰਫ ਇਹ ਕਿ ਸਿੰਘ ਨੇ ਸਿੱਖ ਰਹਿਤ ਮਰਿਆਦਾ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਮਹਾਰਾਜ ਦੀ ਹਜੂਰੀ ਵਿੱਚ ਡਾ. ਅੰਬੇਦਕਰ ਜੀ ਉੱਪਰ ਲਿਖੇ ਗੀਤ ਗਾਉਣ ਤੋਂ ਰੋਕਿਆ। ਮੈਨੂੰ ਅੱਜ ਵੀ ਯਾਦ ਹੈ ਜਦੋਂ ਮੈਂ ਮਨਦੀਪ ਸਿੰਘ ਜੀ ਦੇ ਘਰ ਗਈ ਤਾਂ ਮਨਦੀਪ ਸਿੰਘ ਜੀ ਦੇ ਪਿਤਾ ਜੀ ਅਤੇ ਮਾਤਾ ਜੀ ਨੇ ਮੇਰਾ ਬਹੁਤ ਸਤਿਕਾਰ ਕੀਤਾ। ਮਨਦੀਪ ਸਿੰਘ ਜੀ ਦੇ ਪਿਤਾ ਜੀ ਖੁਦ ਬਹੁਤ ਹੀ ਵਧੀਆ ਲੇਖਕ ਹਨ। ਉਨਾਂ ਮੈਨੂੰ ਆਪਣੇ ਲਿਖੇ ਸ਼ਬਦ ਸੁਣਾਏ। ਬਹੁਤ ਹੀ ਸੋਹਣੀ ਅਵਾਜ ਦੇ ਮਾਲਿਕ ਹਨ ਮਨਦੀਪ ਸਿੰਘ ਜੀ ਦੇ ਪਿਤਾ ਜੀ। ਮਨਦੀਪ ਸਿੰਘ ਜੀ ਦੀ ਮਾਤਾ ਜੀ ਦੀ ਅੱਜ ਪਰੇਸ਼ਾਨੀ ਵਾਲੀ ਅਵਾਜ਼ ਸੁਣ ਕੇ ਮੈਨੂੰ ਇੰਜ ਮਹਿਸੂਸ ਹੋਇਆ ਕਿ ਸਾਡੇ ਸਿੰਘ ਯੋਧਿਆਂ ਦੀਆਂ ਮਾਵਾਂ ਦੇ ਹਿੱਸੇ ਥਾਣੇ ਕਚਹਿਰੀਆਂ ਹੀ ਰਹਿ ਗਈਆਂ। ਪੱਤਾ ਪੱਤਾ ਅੱਜ ਵੀ ਸਿੰਘਾਂ ਦਾ ਵੈਰੀ ਬਣ ਖੜ ਜਾਂਦਾ ਹੈ। ਮਨਦੀਪ ਸਿੰਘ ਖਾਲਸਾ ਜੀ ਅਤੇ ਉਨਾਂ ਦਾ ਪਰਿਵਾਰ ਸਿੱਖੀ ਸਰੂਪ ਲਈ ਅਤੇ ਸਿੱਖ ਰਹਿਤ ਮਰਿਆਦਾ ਲਈ ਸੰਘਰਸ਼ ਕਰ ਰਹੇ ਹਨ। ਉਮੀਦ ਕਰਦੀ ਹਾਂ ਕਿ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਡਾ. ਅੰਬੇਦਕਰ ਸਾਹਿਬ ਜੀ ਦੀਆਂ ਸਾਰੀਆਂ ਜਥੇਬੰਦੀਆਂ ਅਤੇ ਪੁਲਿਸ ਪ੍ਰਸ਼ਾਸਨ ਸੰਜੀਦਗੀ ਨਾਲ ਇਸ ਮਸਲੇ ਨੂੰ ਪਰਖਣ ਅਤੇ ਪਿੰਡ ਵਾਸੀਆਂ ਦੀ ਚੱਲ ਰਹੀ ਪਿਛਲੀ ਆਪਸੀ ਖੁੰਦਕ ਬਾਜ਼ੀ ਨੂੰ ਧਾਰਮਿਕ ਮੁੱਦਾ ਨਾ ਬਣਨ ਦੇਣ। ਜਿਸ ਨਾਲ ਹਰ ਧਰਮ ਦਾ ਸਤਿਕਾਰ ਸਿਰਮੌਰ ਰੱਖਿਆ ਜਾਵੇ। ਕਾਫੀ ਸੁਹਿਰਦ ਆਗੂ ਇਸ ਮਸਲੇ ਨੂੰ ਸੰਜੀਦਗੀ ਨਾਲ ਲੈ ਰਹੇ ਹਨ। ਕਿਉਂਕਿ ਇਸ ਤਰਾਂ ਦੀਆਂ ਕੋਝੀਆਂ ਹਰਕਤਾਂ ਕਰਕੇ ਸ਼ਰਾਰਤੀ ਅਨਸਰਾਂ ਦਾ ਸਿਰਫ ਇੱਕ ਹੀ ਮਕਸਦ ਹੁੰਦਾ ਹੈ ਦੰਗੇ ਕਰਵਾਉਣੇ ਅਤੇ ਸਿੱਖ ਨੋਜਵਾਨਾਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਬਦਨਾਮ ਕਰਨਾ ਤਾਂ ਜੋ ਨੋਜਵਾਨ ਗੁਰੂ ਵਾਲੇ ਨਾ ਬਨਣ। ਗੁਰੂ ਚਰਣਾਂ ਵਿੱਚ ਅਰਦਾਸ ਮਨਦੀਪ ਸਿੰਘ ਖ਼ਾਲਸਾ ਜੀ ਅਤੇ ਉਨਾਂ ਦੇ ਸਾਰੇ ਪਰਿਵਾਰ ਉੱਤੇ ਮਹਿਰ ਭਰਿਆ ਹੱਥ ਰੱਖਣ ਅਤੇ ਉਹ ਸਿੱਖੀ ਸਿਦਕ ਵਿੱਚ ਪੂਰੇ ਰਹਿ ਕਿ ਗੁਰੂ ਪੰਥ ਦੀ ਸੇਵਾ ਕਰਦੇ ਰਹਿਣ।

# ਅਸ਼ਲੀਲ ਪਹਿਰਾਵੇ ਤੋਂ ਬੱਚ

## ਮਨੁੱਖ ਫੈਸ਼ਨ ਕਰਦਾ ਹੈ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਸੌਹਣਾ ਦਿਸਣ ਲਈ ਕੀਤਾ ਗਿਆ।ਪਰ ਕਏ,ਈ ਵਾਰ ਬੇ ਢੰਗ ਨਾਲ ਕੀਤਾ ਗਿਆ ਫੈਸ਼ਨ ਵੀ ਕਦੀ ਖੂਬਸੂਰਤ ਹੋਣ ਦੀ ਥਾਂ ਹਾਸੇ ਦਾ ਪਾਤਰ ਬਣਾ ਦਿੰਦਾ ਹੈ। ਸਿਆਣੇ ਲੋਕ ਆਖਦੇ ਹਨ ਬੰਦੇ ਦੇ ਪਹਿਰਾਵੇ ਤੋਂ ਬੰਦੈ ਬਾਰੇ ਬਹੁਤ ਕੁਝ ਪਤਾ ਲੱਗ ਜਾਂਦਾ ਹੈ।
ਸੰਸਾਰ ਵਿਚ ਹਜ਼ਾਰਾਂ ਮਨੁੱਖ ਹਨ ਜੋ ਸੁਰਤ ਤੋਂ ਬਹੁਤੇ ਖੂਬਸੂਰਤ ਨਹੀਂ ਹਨ।ਪਰ ਉਨ੍ਹਾਂ ਦੇ ਖਿਆਲ ਖੂਬਸੂਰਤ ਹੁਨਰ ਨੇ ਉਹਨਾਂ ਨੂੰ ਲੱਖਾਂ ਲੋਕਾਂ ਦੀ ਪੰਸਦ ਬਣਾ ਦਿੱਤਾ ਹੈ।
ਜੋ ਮਨੁੱਖ ਰੱਬੀ ਰੰਗ ਵਿਚ ਰੰਗਿਆ ਹੈ।ਉਹ ਕਿਸੇ ਦਾ ਮਾੜਾ ਨਹੀਂ ਕਰ ਸਕਦਾ। ਕੋਈ ਪਖੰਡ ਕਰਕੇ ਪਾਠ ਤੇ ਸੰਗਤ ਕਰੀ ਜਾਵੇ।ਉਸ ਦੀ ਗਾਰੰਟੀ ਨਹੀਂ।ਪਰ ਜੋ ਅਸਲ ਵਿੱਚ ਗੁਰਬਾਣੀ ਵਾਲਾ ਮਨੁੱਖ ਹੈ।ਉਹ ਤਾਂ ਸਾਰਿਆਂ ਨੂੰ ਹੀ ਸੋਹਣਾ ਲੱਗਦਾ ਹੈ। ਇਹ ਗੱਲ ਅਸੀ ਆਖ ਰਹੇ ਹਨ। ਸਿੱਖ ਤਾਂ ਦਰਸਨੀ ਹੋਣਾ ਚਾਹੀਦਾ ਹੈ। ਜਿਸ ਨੂੰ ਦੇਖ ਕੇ ਲੋਕੀਂ ਆਖਣ ਕਿਨ੍ਹਾਂ ਸੋਹਣਾ ਸਿੱਖ ਹੈ ਜਾਂ ਸਰਦਾਰ ਹੈ।
ਵਧੀਆ ਕਪੜੇ, ਪਹਿਰਾਵੇ ਦੇ ਨਾਂ ਨਾਲ ਬੋਲਚਾਲ ਬਾਹਰ ਵੀ ਤੇ ਘਰ ਵੀ ਹੋਣੀ ਚਾਹੀਦੀ ਹੈ। ਸਾਡੀ ਪਹਿਚਾਣ ਵੀ ਚੰਗੇ ਮਨੁੱਖ ਵਾਲੀ ਹੋਵੇ। ਤਾਂ ਹੀ ਅਸੀਂ ਖੂਬਸੂਰਤ ਦਿਖਾਈ ਦੇਵਾਂਗੇ।ਇਕ ਚੰਗਾ ਮਨੁੱਖ ਹੀ ਹੋ ਸਕਦਾ ਹੈ।
ਅਜ ਕਲ ਔਰਤਾਂ ਵੀ ਸ਼ਿੰਗਾਰ ਕਰਦੀਆਂ ਹਨ।
ਕੇਸ ਵੀ ਕੱਟਵਾ ਕੇ ਤਰ੍ਹਾਂ ਤਰ੍ਹਾਂ ਦੇ ਫੈਸ਼ਨ ਛੋਟੇ ਛੋਟੇ ਕਪੜੇ ਪਾਉਂਣਾ ਫਿਰ ਜਾਂਦੀ ਲੜਕੀਆਂ ਤੇ ਮੁੰਡੇ ਪਿਛੋਂ ਕੋਮੈਂਟਸ ਕਰਦੇ ਹਨ। ਇਹ ਕੋਈ ਅੱਛੀ ਗੱਲ ਨਹੀਂ ਹੈ। ਖ਼ੁਦ ਨੰਗੇਜ਼ ਦਾ ਦਿਖਾਵਾ ਕਰਨਾ ਕੋਈ ਚੰਗੇ ਘਰਾਂ ਦਾ ਨਹੀਂ ਰਹਿਣ ਸਹਿਣ ਹੈ। ਜਿਵੇਂ ਸੁਣੋ ਉਹ ਕੱਪੜੇ ਨਹੀਂ ਪਾਉਣੇ ਜਿਸ ਨਾਲ ਘੁੱਟਣ ਹੋਵੇ। ਸ਼ਰਮ ਆਵੇ ।ਜਿਸ ਨੂੰ ਵੇਖ ਕੇ ਪਾਉਣ ਜਾਂ ਵੇਖਣ ਵਾਲਿਆਂ ਦੇ ਮਨਾਂ ਵਿਚ ਬੁਰੇ ਵਿਕਾਰੀ ਖਿਆਲ ਆਣ।
ਜੇ ਗੱਲ ਬਾਹਰੀ ਮੁਲਕਾਂ ਦੀ ਕਰੀਏ ਤਾਂ ਉੱਥੇ ਦੇ ਲੋਕਾਂ ਦੇ ਵਿਚਾਰ ਬੁਰੇ ਨਹੀਂ ਹੁੰਦੇ
ਪਾਗਲ ਜਾਂ ਜਾਨਵਰ ਨਹੀਂ ਬਣ ਜਾਂਦੇ। ਉੱਥੇ ਆਜਾਦ ਖਿਆਲ ਹਨ। ਸਾਡੇ ਦੇਸ਼ ਵਿੱਚ ਕੱਪੜੇ ਹੀ ਨਹੀਂ ਮਾਨਸਿਕਤਾ ਨੂੰ ਵੀ ਬਦਲਣਾ ਪਵੇਗਾ।
ਵਿਆਹ ਸ਼ਾਦੀਆਂ ਵਿਚ ਲੜਕੀਆਂ ਸੋਹਣੇ ਕੱਪੜੇ ਪਾਕੇ ਖੂਬਸੂਰਤ ਮੁਟਿਆਰ ਲੰਗਦੀ ਹਨ। ਲੜਕੇ ਵੀ ਕੁਰਤਾ ਪਜਾਮਾ ਪਾਹ ਕੇ ਬਹੁਤ ਸੋਹਣੇ ਵਗਦੇ ਹਨ।
ਅਧ ਨੰਗੇ ਬਦਨ ਵਿਚ ਲੜਕੀ ਕੀ ਸਾਡੇ ਸਮਾਜ ਨੂੰ ਵੀ ਆਪਣੀ ਬੇਇਜ਼ਤੀ ਸੇਹਣੀ ਪੈਂਦੀ ਹੈ।

# ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਮੈਂ ਜਦੋਂ ਕੋਰੇ ਕਾਗਜ਼ ਉੱਤੇ, ਕਲਮ ਘਸਾਈ ਹੈ।

ਜਾਪੇ ਅਸਮਾਨੋਂ ਕੋਈ ਪਰੀ ਧਰਤ 'ਤੇ ਆਈ ਹੈ।

ਇਸ਼ਕ ਉਹਦੇ ਵਿੱਚ ਏਸ ਤਰ੍ਹਾਂ ਫਸ ਚੁੱਕਾ ਹਾਂ

ਖਾਹ-ਮਖਾਹ ਮੈਂ ਆਪਣੀ ਏਦਾਂ ਜਾਨ ਗਵਾਈ ਹੈ।

ਤਾਅਨੇ ਦਿੰਦੇ ਸਾਰੇ ਘਰ ਦੇ ਨਾਲ਼ੇ ਬਾਹਰ ਵਾਲ਼ੇ

ਅੰਦਰ-ਬਾਹਰ ਹਰ ਥਾਂ ਹੋਵੇ ਜੱਗ-ਹਸਾਈ ਹੈ।

ਖ਼ੂਨ ਜਿਗਰ ਦਾ ਭਰ ਕੇ ਇਸ਼ਕ ਦੇ ਵਰਕੇ 'ਤੇ

ਦਰਦਾਂ ਚੀਸਾਂ ਵਿੰਨ੍ਹਿਆ ਮੈਂ ਤਸਵੀਰ ਬਣਾਈ ਹੈ।

'ਨਵ ਸੰਗੀਤ' ਨੂੰ ਤੜਕਸਾਰ ਅੱਜ ਪਤਾ ਲੱਗਾ

ਰੌਲ਼ਾ ਮੱਚਿਆ ਸਾਰੇ ਪਾਸੇ ਲੋਕੋ ਹਾਏ ਦੁਹਾਈ ਹੈ।

# ਪਿੰਡ ਦੇ ਦਲਿਤ ਵਰਗ 'ਚੋਂ ਪਹਿਲੇ ਅਧਿਆਪਕ ਬਣ ਕੇ ਆਰਜ਼ੀ ਬੀ.ਪੀ.ਈ.ਓ. ਤੱਕ ਦੀ ਡਿਊਟੀ ਨਿਭਾਉਣ ਵਾਲੇ ਮਾ: ਚੇਤ ਸਿੰਘ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ



ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਇਸ ਲਈ ਵਿੱਦਿਆ ਦੇਣ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ।ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੇ ਹੋਏਸ਼੍ਰ. ਚੇਤ ਸਿੰਘ ਸੈਂਟਰ ਹੈਡ ਟੀਚਰ ( ਆਰਜ਼ੀ ਬੀ.ਪੀ.ਈ.ਓ.) ਸ.ਪ੍ਰ.ਸ. ਖੋਖ (ਨਾਭਾ) ਤੋਂ 31 ਅਕਤੂਬਰ 2001 ਨੂੰ ਰਿਟਾਇਰ ਹੋ ਚੁੱਕੇ ਹਨ। ਇਹਨਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ ਜਿਲ੍ਹਾ ਪਟਿਆਲਾ ਵਿਖੇ 24 ਅਕਤੂਬਰ 1943 ਨੂੰ ਮਿਹਨਤਕਸ਼ ਕਿਰਤੀ ਸਵ: ਛੋਟਾ ਸਿੰਘ ਦੇ ਘਰ ਮਾਤਾ ਸਵ: ਸ੍ਰੀਮਤੀ ਕਰਨੈਲ ਕੌਰ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਸਵ: ਸ੍ਰੀ ਛੋਟਾ ਸਿੰਘ ਇੱਕ ਸੱਚੀ ਕਿਰਤ ਕਰਨ ਵਾਲੇ ਇਨਸਾਨ ਸਨ ।ਉਸ ਨੇ ਆਪਣੀ ਮੁੱਢਲੀ ਸਿੱਖਿਆ ਅੱਠਵੀਂ ਤੱਕ ਆਪਣੇ ਪਿੰਡ ਦੇ ਹੀ ਸਰਕਾਰੀ ਮਿਡਲ ਸਕੂਲ ਤੋਂ ਪ੍ਰਾਪਤ ਕੀਤੀ ।ਉਸ ਨੇ ਸਰਕਾਰੀ ਹਾਈ ਸਕੂਲ ਮਲ੍ਹੇਹਵਾਲ ਤੋਂ ਦਸਵੀਂ 1959-60 ਵਿੱਚ ਪਾਸ ਕਰ ਲਈ ਪਰ ਘਰ ਦੀ ਆਰਥਿਕ ਮਜਬੂਰੀ ਕਾਰਣ ਆਪ ਨੇ ਅਧਿਆਪਕ ਬਣਨ ਦਾ ਸੁਪਨਾ ਲਿਆ ਅਤੇ ਜੂਨੀਅਰ ਬੇਸ਼ਿਕ ਟ੍ਰੇਨਿੰਗ ਸੰਸਥਾ ਨਾਭਾ ਵਿਖੇ ਦੋ ਸਾਲਾ ਜੇ.ਬੀ.ਟੀ. ਟੀਚਰ ਦੀ ਟ੍ਰੇਨਿੰਗ ਵਿੱਚ ਦਾਖਲਾ ਲੈ ਕੇ 1963 ਵਿੱਚ ਜੇ.ਬੀ.ਟੀ. ਟੀਚਰ ਦਾ ਕੋਰਸ ਕਰ ਲਿਆ ।ਸ਼ੁਰੂ ਉਸ ਨੂੰ ਆਰਜ਼ੀ ਤੌਰ ਤੇ ਬਤੌਰ ਜੇ.ਬੀ.ਟੀ. ਟੀਚਰ ਨੌਕਰੀ ਸ.ਪ੍ਰ.ਸ. ਨਗਲਾ (ਪਟਿਆਲਾ) ਵਿਖੇ ਮਿਲ ਗਈ । ਇਸੇ ਤਰ੍ਹਾਂ ਅਡਹਾਕ ਤੌਰ ਤੇ ਉਸ ਨੇ ਬਿਸ਼ਨਗੜ੍ਹ ਇੱਕ ਮਹੀਨਾ , ਭੂਤਗੜ੍ਹ ਛੇ ਮਹੀਨੇ ਸਕੂਲਾਂ 'ਚ ਸੇਵਾ ਨਿਭਾਈ ।ਚੇਤ ਸਿੰਘ ਨੇ ਬੜੇ ਔਖੇ ਦਿਨਾਂ ਵਿੱਚ ਦ੍ਰਿੜਤਾ ਨਾਲ ਬੇਝਿਜਕ ਹੋ ਕੇ ਮਿਹਨਤ ਕੀਤੀ । ਉਸ ਨੇ ਨੌਕਰੀ ਵਿੱਚ ਆ ਕੇ ਵੀ ਗਰਮੀ ਦੀਆਂ ਛੁੱਟੀਆਂ ਦੌਰਾਨ ਕਣਕ ਦੀ ਵਾਢੀ ਕਰਕੇ ਸਾਲ ਭਰ ਦੇ ਦਾਣੇ ਇੱਕਠੇ ਕਰਨ 'ਚ ਕੋਈ ਹੇਠੀ ਨਹੀਂ ਸਮਝੀ ।
ਉਨ੍ਹਾਂ ਦਾ ਵਿਆਹ ਪਿੰਡ ਉਕਸੀ ਦੁਧਾਲ (ਲੁਧਿਆਣਾ) ਵਿਖੇ ਮੁਖਤਿਆਰ ਕੌਰ ਨਾਲ ਹੋਇਆ । ਸਾਲ 1964 'ਚ ਉਸ ਦੀ ਰੈਗੂਲਰ ਨਿਯੁਕਤੀ ਦੇ ਹੁਕਮ ਬਤੌਰ ਜੇ.ਬੀ.ਟੀ. ਟੀਚਰ ਸ.ਪ੍ਰ.ਸ. ਉੱਪਲਾਂ (ਪਟਿਆਲਾ) ਵਿਖੇ ਹੋ ਗਏ ।ਇਥੇ ਉਸ ਨੇ ਤਕਰੀਬਨ ਨੌਂ ਸਾਲ ਸੇਵਾ ਨਿਭਾਉਣ ਉਪਰੰਤ 1973 ਵਿੱਚ ਸ.ਪ੍ਰ.ਸ ਗੁੱਜਰਹੇੜੀ ਵਿਖੇ ਬਦਲੀ ਕਰਵਾ ਲਈ।ਇਥੇ ਉਹ 1982 ਵਿੱਚ ਤਰੱਕੀ ਹੋਣ ਕਾਰਨ ਹੈਡ ਟੀਚਰ ਬਣ ਗਏ ।ਉਨ੍ਹਾਂ ਦੀ 1994 ਵਿੱਚ ਤਰੱਕੀ ਬਤੌਰ ਸੈਂਟਰ ਹੈਡ ਟੀਚਰ ਹੋਣ ਤੇ ਉਨ੍ਹਾਂ ਦੀ ਪੋਸਟਿੰਗ ਸ.ਪ੍ਰ.ਸ. ਖੋਖ ਵਿਖੇ ਹੋ ਗਈ ।ਇਥੋਂ ਹੀ ਉਨ੍ਹਾਂ ਨੂੰ 1998 ਵਿੱਚ ਨਾਭਾ ਬਲਾਕ ਦੇ ਆਰਜ਼ੀ ਬੀ.ਪੀ.ਈ.ਓ. ਦਾ ਚਾਰਜ਼ ਮਿਲ ਗਿਆ । ਉਨ੍ਹਾਂ ਨੇ ਇਹ ਡਿਊਟੀ 2000 ਤੱਕ ਇਮਾਨਦਾਰੀ ਨਾਲ ਨਿਭਾਈ । ਉਹ 31 ਅਕਤੂਬਰ 2001 ਨੂੰ ਸ.ਪ੍ਰ.ਸ. ਖੋਖ ਤੋਂ ਬਤੌਰ ਸੈਂਟਰ ਹੈਡ ਟੀਚਰ ਸੇਵਾ ਮੁਕਤ ਹੋਏ ।ਪਿੰਡ ਦੇ ਐਸ.ਸੀ. ਕੈਟਾਗਰੀ 'ਚੋਂ ਸ੍ਰ. ਚੇਤ ਸਿੰਘ ਨੂੰ ਪਿੰਡ 'ਚ ਪਹਿਲੇ ਮਾਸਟਰ ਬਣਨ ਦਾ ਮਾਣ ਹਾਸਿਲ ਹੈ ਜਿਸ ਸਮੇਂ ਬੱਚਿਆਂ ਨੂੰ ਮਾਪੇ ਜੱਟਾਂ ਨਾਲ ਸੀਰੀ ਰਲਾ ਕੇ ਪਰਿਵਾਰ ਦਾ ਸਹਾਰਾ ਬਣਨ ਤੱਕ ਹੀ ਸੋਚਦੇ ਸਨ ।ਪਰ ਇਸ ਪਰਿਵਾਰ 'ਚੋਂ ਇਹ ਗਿਆਨ ਦਾ ਸੋਮਾ ਬਣ ਕੇ ਸਮਾਜ ਲਈ ਚਾਨਣ ਮੁਨਾਰਾ ਬਣਿਆ ਜੋ ਮਾਣ ਵਾਲੀ ਗੱਲ ਹੈ ।
ਉਨ੍ਹਾਂ ਨੇ ਤਕਰੀਬਨ 37 ਸਾਲ ਈਮਾਨਦਾਰੀ ਨਾਲ ਬੇਦਾਗ਼ ਸ਼ਾਨਦਾਰ ਰੈਗੂਲਰ ਸੇਵਾ ਨਿਭਾਈ ।ਉਹ ਮਿਹਨਤੀ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ।ਉਨ੍ਹਾਂ ਤਕਰੀਬਨ ਬਹੁਤੀ ਸਰਵਿਸ ਸਾਈਕਲ ਉੱਪਰ ਜਾ ਕੇ ਹੀ ਨਿਭਾਈ ।ਉਂਝ ਉਹ ਸੇਵਾ ਮੁਕਤੀ ਤੋਂ ਬਾਅਦ ਵੀ ਸਾਈਕਲ ਤੇ ਹੀ ਆਮ ਜਾਂਦੇ ਰਹੇ ਹਨ ਪਰ ਹੁਣ ਸਿਹਤ ਪੱਖੋਂ ਕੁਝ ਠੀਕ ਨਾ ਹੋਣ ਕਾਰਨ ਬਾਹਰ ਘੱਟ ਹੀ ਜਾਂਦੇ ਹਨ। ਉਨ੍ਹਾਂ ਦੀ ਬੇਟੀ ਚਰਨਜੀਤ ਕੌਰ ਸ.ਸ.ਮਿਸਟ੍ਰੈਸ ਸ.ਸ.ਸ.ਸ. ਮਲ੍ਹੇਵਾਲ ਵਿਖੇ ਸੇਵਾ ਨਿਭਾ ਰਹੀ ਹੈ ਜੋ ਆਪਣੇ ਪਤੀ ਜਗਰੂਪ ਸਿੰਘ ਸ.ਸ.ਮਾਸਟਰ ਨਾਲ ਨਾਭਾ ਵਿਖੇ ਰਹਿ ਰਹੀ ਹੈ ਜੋ ਕਿ ਸ.ਸ.ਸ.ਸ. ਦੰਦਰਾਲਾ ਢੀਂਡਸਾ ਵਿਖੇ ਸੇਵਾ ਨਿਭਾ ਰਹੇ ਹਨ ।ਉਸ ਨੂੰ ਜਨਗਣਨਾ ਦੇ ਵਧੀਆ ਕੰਮ ਲਈ ਰਾਸਟਰਪਤੀ ਵਲੋਂ ਸਨਮਾਨ-ਪੱਤਰ ਮਿਲਿਆ ਹੈ । ਉਨ੍ਹਾਂ ਦੀ ਹੋਣਹਾਰ ਦੋਹਤੀ ਕੋਮਲਪ੍ਰੀਤ ਕੌਰ ਐਮ.ਬੀ.ਬੀ.ਐਸ. ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੋਂ ਕਰ ਚੁੱਕੀ ਹੈ।ਹੁਣ ਉਹ ਐਮ.ਡੀ. ਦੀ ਤਿਆਰੀ ਕਰ ਰਹੀ ਹੈ । ਉਨ੍ਹਾਂ ਦਾ ਬੇਟਾ ਗੁਰਚਰਨ ਸਿੰਘ ਆਪਣੀ ਪਤਨੀ ਜਸਵੰਤ ਕੌਰ ਨਾਲ ਆਪਣੇ ਬੱਚਿਆਂ ਨਾਲ ਪਿੰਡ ਹੀ ਰਹਿ ਰਿਹਾ ਹੈ । ਦੂਸਰਾ ਬੇਟਾ ਨਿਰਭੈ ਸਿੰਘ ਲਛਮਣ ਨਗਰ ਨਾਭਾ ਵਿਖੇ ਆਪਣੇ ਮਾਤਾ-ਪਿਤਾ ਅਤੇ ਆਪਣੀ ਪਤਨੀ ਮਨਜੀਤ ਕੌਰ ਨਾਲ ਰਹਿ ਰਿਹਾ ਹੈ ਜਿਸ ਦੀ ਇਕਲੌਤੀ ਬੇਟੀ ਨਵਪ੍ਰੀਤ ਕੌਰ ਕਨੇਡਾ ਵਿਖੇ ਪੜ੍ਹਾਈ ਕਰ ਰਹੀ ਹੈ । ਪ੍ਰਮਾਤਮਾ ਕਰੇ ਉਹ ਆਪਣੇ ਪਰਿਵਾਰ ਸਮੇਤ ਹਮੇਸ਼ਾਂ ਸਿਹਤਯਾਬੀ ਅਤੇ ਪਰਿਵਾਰਕ ਖੁਸ਼ੀਆਂ ਮਾਣਦੇ ਰਹਿਣ।

# ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ ਨਾਲ ਅਕਾਲੀ ਦਲ ਵਿੱਚ ਘਬਰਾਹਟ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਅਚਾਨਕ ਅਸਤੀਫ਼ੇ ਨਾਲ ਅਕਾਲੀ ਦਲ ਬਾਦਲ ਦੀਆਂ ਸਫਾਂ ਵਿੱਚ ਹਲਚਲ ਮੱਚ ਗਈ ਹੈ। ਇੱਕ ਕਿਸਮ ਨਾਲ ਸ਼੍ਰੋਮਣੀ ਅਕਾਲੀ ਦਲ ਬਾਦਲ ਗਹਿਰੇ ਸੰਕਟ ਵਿੱਚ ਫਸ ਗਿਆ ਹੈ ਤੇ ਤੂਫ਼ਾਨ ਵਰਗੀ ਸਥਿਤੀ ਪੈਦਾ ਹੋ ਗਈ ਹੈ। ਹਰਜਿੰਦਰ ਸਿੰਘ ਧਾਮੀ ਨੇ ਜਲਦਬਾਜ਼ੀ ਵਿੱਚ ਬੁਲਾਈ ਪ੍ਰੈਸ ਕਾਨਫ਼ਰੰਸ ਵਿੱਚ ਆਪਣੇ ਅਸਤੀਫ਼ੇ ਦਾ ਐਲਾਨ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪੁਨਰਗਠਨ ਲਈ ਭਰਤੀ ਕਰਨ ਦੀ ਸੁਪਰਵੀਜ਼ਨ ਕਰਨ ਲਈ ਬਣਾਈ ਗਈ ਸਤ ਮੈਂਬਰੀ ਕਮੇਟੀ ਦੇ ਪ੍ਰਧਾਨਗੀ ਤੋਂ ਵੀ ਫਾਰਗ ਕਰਨ ਲਈ ਕਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਦੇ ਸ਼ੋਸ਼ਲ ਮੀਡੀਆ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਗਿਆਨੀ ਹਰਪ੍ਰੀਤ ਸਿੰਘ ਦੀ ਬਰਖਾਸਤਗੀ ਤੇ ਨਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਸੀ ਕਿ ਮੰਦਭਾਗੀ ਗੱਲ ਹੈ। ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਦਾ ਸਤਿਕਾਰ ਕਰਦੇ ਹਨ, ਗਿਆਨੀ ਹਰਪ੍ਰੀਤ ਸਿੰਘ ਦੀ ਬਰਖਾਸਤਗੀ ਦਾ ਫ਼ੈਸਲਾ ਉਸਦੀ ਪ੍ਰਧਾਨਗੀ ਵਿੱਚ ਹੋਇਆ ਹੈ, ਇਸ ਲਈ ਉਹ ਨੈਤਿਕ ਜ਼ਿੰਮੇਵਰੀ ਲੈਂਦਾ ਹੋਇਆ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੰਦਾ ਹੈ। ਇਉਂ ਲੱਗਦਾ ਹੈ ਕਿ ਗਿਆਨੀ ਰਘਵੀਰ ਸਿੰਘ ਦੀ ਸ਼ੋਸ਼ਲ ਮੀਡੀਆ ਤੇ ਪਾਈ ਪੋਸਟ ਤੋਂ ਬਾਅਦ ਹਰਜਿੰਦਰ ਸਿੰਘ ਧਾਮੀ ਦਬਾਅ ਵਿੱਚ ਆ ਗਏ ਸਨ ਤੇ ਉਨ੍ਹਾਂ ਨੂੰ ਉਮੀਦ ਸੀ ਕਿ ਗਿਆਨੀ ਰਘਵੀਰ ਸਿੰਘ ਵਿਦੇਸ਼ੀ ਦੌਰੇ ਤੋਂ ਵਾਪਸ ਆ ਕੇ ਕੋਈ ਸਖ਼ਤ ਫ਼ੈਸਲਾ ਲੈ ਸਕਦੇ ਹਨ, ਇਸ ਲਈ ਉਨ੍ਹਾਂ ਤੁਰੰਤ ਅਸਤੀਫ਼ਾ ਦੇਣ ਦਾ ਫ਼ੈਸਲਾ ਕਰ ਲਿਆ। ਹਰਜਿੰਦਰ ਸਿੰਘ ਧਾਮੀ ਮਗਰ ਮੱਛ ਦੇ ਅਥਰੂ ਵਹਾ ਰਿਹਾ ਹੈ, ਜੇ ਉਸਨੂੰ ਸ੍ਰੀ ਅਕਾਲ ਤਖ਼ਤ ਅਤੇ ਜਥੇਦਾਰ ਗਿਆਨੀ ਰਘਵੀਰ ਸਿੰਘ ਦਾ ਇਤਨਾ ਹੀ ਸਤਿਕਾਰ ਸੀ ਤਾਂ ਉਸਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਬਣਾਈ ਗਈ ਸਤ ਮੈਂਬਰੀ ਕਮੇਟੀ ਦਾ ਚੇਅਰਮੈਨ ਹੁੰਦਿਆਂ ਅਕਾਲੀ ਦਲ ਨੂੰ ਆਪਣੀ ਮਰਜ਼ੀ ਨਾਲ ਭਰਤੀ ਕਰਨ ਦੀ ਇਜ਼ਾਜ਼ਤ ਕਿਉਂ ਦਿੰਦਾ ਰਿਹਾ? ਉਸਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਲ ਖੜ੍ਹਨਾ ਚਾਹੀਦਾ ਸੀ। ਗਿਆਨੀ ਹਰਪ੍ਰੀਤ ਸਿੰਘ ਨੂੰ ਬਰਖਾਸਤ ਕਰਨ ਲਈ ਤਾਂ ਅੰਤ੍ਰਿਮ ਕਮੇਟੀ ਦੀ ਮੀਟਿੰਗ ਬੁਲਾ ਲਈ ਪ੍ਰੰਤੂ ਸਤ ਮੈਂਬਰੀ ਕਮੇਟੀ ਦੀ ਮੀਟਿੰਗ ਬੁਲਾਉਣ ਲਈ ਆਨੀ ਕਾਨੀ ਕਰਦਾ ਰਿਹਾ। ਹਰਜਿੰਦਰ ਸਿੰਘ ਧਾਮੀ ਦੀ ਇਹ ਭਾਂਜਵਾਦੀ ਕਾਰਵਾਈ ਹੈ। ਮੈਦਾਨ ਵਿੱਚੋਂ ਡਰਪੋਕ ਭੱਜਦੇ ਹੁੰਦੇ ਹਨ। ਤਿੰਨ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਰਿਹਾ ਤੇ ਅਕਾਲੀ ਦਲ ਦਾ ਹਰ ਹੁਕਮ ਮੰਨਕੇ ਸਿੱਖ ਸੰਸਥਾਵਾਂ ਦਾ ਨੁਕਸਾਨ ਕਰਨ ਵਿੱਚ ਹਿੱਸੇਦਾਰ ਰਿਹਾ ਹੈ।
2 ਦਸੰਬਰ 2024 ਦਾ ਦਿਨ ਸਿੱਖ ਇਤਿਹਾਸ ਵਿੱਚ ਅਤਿਅੰਤ ਮਹੱਤਵਪੂਰਨ ਹੈ, ਕਿਉਂਕਿ ਇਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਪੰਜ ਸਿੰਘ ਸਾਹਿਬਾਨ ਦਾ ਸਰਬਸੰਮਤੀ ਨਾਲ ਕੀਤਾ ਫ਼ੈਸਲਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੇ ਸੁਣਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦੀ ਸਰਕਾਰ ਸਮੇਂ ਕੀਤੇ ਗੁਨਾਹਾਂ ਨੂੰ ਮੁੱਖ ਰਖਦਿਆਂ ਤਨਖ਼ਾਹੀਆ ਕਰਾਰ ਦਿੱਤਾ ਸੀ। ਇਸ ਦੇ ਨਾਲ ਹੀ ਬਾਕੀ ਅਕਾਲੀ ਸਰਕਾਰ ਦੇ ਮੰਤਰੀਆਂ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੂੰ ਵੀ ਸਜ਼ਾਵਾਂ ਦਿੱਤੀਆਂ ਸਨ। ਗਿਆਨੀ ਰਘਵੀਰ ਸਿੰਘ ਨੇ ਵਿਰਸਾ ਸਿੰਘ ਵਲਟੋਹਾ ਨੂੰ ਅਕਾਲੀ ਦਲ ਵਿੱਚੋਂ ਕੱਢਣ ਦਾ ਹੁਕਮ ਕੀਤਾ ਸੀ ਪ੍ਰੰਤੂ ਅਕਾਲੀ ਦਲ ਨੇ ਉਸ ਤੋਂ ਅਸਤੀਫ਼ਾ ਲੈ ਲਿਆ। ਉਨ੍ਹਾਂ ਸੁਖਬੀਰ ਸਿੰਘ ਬਾਦਲ ਦਾ ਪ੍ਰਧਾਨਗੀ ਤੋਂ ਦਿੱਤਾ ਅਸਤੀਫ਼ਾ ਤਿੰਨ ਦਿਨਾ ਵਿੱਚ ਪ੍ਰਵਾਨ ਕਰਨ ਲਈ ਵੀ ਹੁਕਮ ਕੀਤਾ ਸੀ ਪ੍ਰੰਤੂ ਉਸ ਲਈ ਵੀ ਦੋ ਮਹੀਨੇ ਦਾ ਲੰਬਾ ਸਮਾਂ ਲੈ ਕੇ ਅਸਤੀਫ਼ਾ ਲਮਕਾ ਕੇ ਪ੍ਰਵਾਨ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਦੀ ਪ੍ਰਕ੍ਰਿਆ ਸਤ ਮੈਂਬਰੀ ਕਮੇਟੀ ਤੋਂ ਕਰਵਾਉਣ ਬਾਰੇ ਵਾਰ-ਵਾਰ ਅਕਾਲੀ ਦਲ ਦਾ ਡੈਪੂਟੇਸ਼ਨ ਜਥੇਦਾਰ ਸਾਹਿਬ ਨੂੰ ਮਿਲਕੇ ਇਹ ਕਹਿੰਦਾ ਰਿਹਾ ਕਿ ਚੋਣ ਕਮਿਸ਼ਨ ਅਕਾਲੀ ਦਲ ਦੀ ਮਾਣਤਾ ਰੱਦ ਕਰ ਦੇਵੇਗਾ। ਇਹ ਸਾਰੀਆਂ ਗੱਲਾਂ ਟਾਲ ਮਟੋਲ ਕਰਨ ਲਈ ਕੀਤੀਆਂ ਜਾ ਰਹੀਆਂ ਸਨ।
ਅਕਾਲੀ ਫੂਲਾ ਸਿੰਘ ਤੋਂ ਬਾਅਦ ਗਿਆਨੀ ਰਘਵੀਰ ਸਿੰਘ ਪਹਿਲੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਨ, ਜਿਨ੍ਹਾਂ ਨੇ ਸਿੱਖ ਧਰਮ ਦੀਆਂ ਸੰਸਥਾਵਾਂ ਦੇ ਵਕਾਰ ਨੂੰ ਮੁੜ ਸਥਾਪਤ ਕੀਤਾ ਹੈ। ਇਸ ਤੋਂ ਪਹਿਲਾਂ ਜਿਤਨੇ ਵੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹੋਏ ਹਨ, ਉਨ੍ਹਾਂ ਨੇ ਸਿਆਸਤਦਾਨਾ ਦੇ ਦਬਾਓ ਕਰਕੇ ਅਜਿਹੇ ਫ਼ੈਸਲੇ ਲੈਣ ਦੀ ਹਿੰਮਤ ਹੀ ਨਹੀਂ ਕੀਤੀ ਸੀ, ਸਗੋਂ ਜਿਹੜੇ ਜਥੇਦਾਰ ਸਾਹਿਬਾਨ ਸਿਆਸਤਦਾਨਾ ਦੇ ਹੁਕਮ ਮੰਨਣ ਨੂੰ ਤਿਆਰ ਨਹੀਂ ਹੁੰਦੇ ਸਨ, ਉਨ੍ਹਾਂ ਨੂੰ ਤੁਰੰਤ ਬਾਹਰ ਦਾ ਰਸਤਾ ਵਿਖਾ ਦਿੱਤਾ ਜਾਂਦਾ ਸੀ। ਸ੍ਰੀ ਅਕਾਲ ਸਾਹਿਬ ਨੂੰ ਅਕਾਲੀ ਦਲ ਦੇ ਅਧੀਨ ਸਮਝਿਆ ਜਾਂਦਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ ਆਪਣਾ ਵਿੰਗ ਸਮਝਣ ਲੱਗ ਪਿਆ ਸੀ। ਮਰਹੂਮ ਪਰਕਾਸ਼ ਸਿੰਘ ਬਾਦਲ ਨੂੰ ਸਿਆਸਤ ਦਾ ਬਾਬਾ ਬੋਹੜ ਕਿਹਾ ਜਾਂਦਾ ਸੀ ਪ੍ਰੰਤੂ ਉਨ੍ਹਾਂ ਦੇ ਮੁੱਖ ਮੰਤਰੀ ਹੁੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਸਿੱਖ ਸੰਸਥਾਵਾਂ ਨੂੰ ਅਣਡਿਠ ਹੀ ਨਹੀਂ ਸਗੋਂ ਖ਼ਤਮ ਹੀ ਕਰ ਦਿੱਤਾ ਗਿਆ ਸੀ। ਇਨ੍ਹਾਂ ਸੰਸਥਾਵਾਂ ਜਿਨ੍ਹਾਂ ਵਿੱਚ ਸ੍ਰੀ ਅਕਾਲ ਤਖਤ, ਸਿੱਖ ਸਟੂਡੈਂਟ ਫੈਡਰੇਸ਼ਨ, ਸਿੱਖ ਐਜੂਕੇਸ਼ਨ ਕਾਨਫ਼ਰੰਸਾਂ ਆਦਿ ਸ਼ਾਮਲ ਹਨ। ਸ੍ਰੀ ਅਕਾਲ ਤਖ਼ਤ ਤੋਂ ਸਿੱਖ ਪਰੰਪਰਾਵਾਂ ਅਤੇ ਰਹਿਤ ਮਰਿਆਦਾਵਾਂ ਦੇ ਵਿਰੁੱਧ ਫ਼ੈਸਲੇ ਕਰਵਾਏ ਜਾਂਦੇ ਰਹੇ। ਇੱਥੋਂ ਤੱਕ ਕਿ ਜਥੇਦਾਰ ਸਾਹਿਬਾਨ ਨੂੰ ਆਪਣੀ ਕੋਠੀ ਬੁਲਾਕੇ ਹੁਕਮ ਕੀਤੇ ਜਾਂਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਾਂਗ ਲਾਉਣ ਵਾਲੇ ਸਿਰਸਾ ਡੇਰਾ ਦੇ ਮੁੱਖੀ ਰਾਮ ਰਹੀਮ ਨੂੰ ਪੰਥ ਵਿੱਚ ਸ਼ਾਮਲ ਕਰ ਲਿਆ ਅਤੇ ਇਸ ਫ਼ੈਸਲੇ ਨੂੰ ਸਹੀ ਸਾਬਤ ਕਰਨ ਲਈ 95 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ। ਇਸ ਦੌਰਾਨ ਪੁਲਿਸ ਨੇ ਦੋ ਸਿੰਘ ਸ਼ਹੀਦ ਕਰ ਦਿੱਤੇ ਗਏ। ਸੁਮੇਧ ਸਿੰਘ ਸੈਣੀ ਨੂੰ ਡਾਇਰੈਕਟਰ ਜਨਰਲ ਪੰਜਾਬ ਪੁਲਿਸ ਲਗਾਇਆ ਗਿਆ ਆਦਿ। ਇਨ੍ਹਾਂ ਸਾਰੀਆਂ ਗ਼ਲਤੀਆਂ/ਗੁਨਾਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਨਿਆਂ, ਜਿਸ ਕਰਕੇ ਉਸਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਕਿਉਂਕਿ ਸੁਖਬੀਰ ਸਿੰਘ ਬਾਦਲ 2008 ਤੋਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੀ ਅਤੇ ਡਿਪਟੀ ਮੁੱਖ ਮੰਤਰੀ ਹੁੰਦਿਆਂ ਗ੍ਰਹਿ ਵਿਭਾਗ ਦੇ ਮੰਤਰੀ ਸਨ। ਜਦੋਂ ਸ੍ਰ. ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਵੱਲੋਂ ਲਗਾਈ ਤਨਖ਼ਾਹ ਭੁਗਤ ਰਹੇ ਸਨ ਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਉਨ੍ਹਾਂ ਉਪਰ ਹਮਲਾ ਵੀ ਹੋਇਆ ਸੀ। ਇਸ ਘਟਨਾ ਤੋਂ ਬਾਅਦ ਲੋਕਾਂ ਵਿੱਚ ਸੁਖਬੀਰ ਸਿੰਘ ਬਾਦਲ ਨਾਲ ਹਮਦਰਦੀ ਹੋ ਗਈ ਸੀ ਪ੍ਰੰਤੂ ਸੁਖਬੀਰ ਸਿੰਘ ਬਾਦਲ ਇਸ ਹਮਦਰਦੀ ਦਾ ਲਾਭ ਨਹੀਂ ਉਠਾ ਸਕਿਆ ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ ਨੂੰ ਇੰਨ ਬਿੰਨ ਲਾਗੂ ਕਰਨ ਤੋਂ ਟਾਲਾ ਵੱਟਦਾ ਰਿਹਾ। ਪਹਿਲਾਂ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਉਸਦੇ ਰਿਸ਼ਤੇਦਾਰ ਵੱਲੋਂ ਕੀਤੀ ਸ਼ਿਕਾਇਤ 'ਤੇ ਪੜਤਾਲੀਆ ਕਮੇਟੀ ਬਣਾਕੇ ਉਸਨੂੰ ਆਪਣੇ ਫਰਜ਼ ਨਿਭਾਉਣ ਤੋਂ 15 ਦਿਨ ਲਈ ਰੋਕ ਦਿੱਤਾ ਗਿਆ। ਇਹ ਸ਼ਿਕਾਇਤ ਵੀ 18 ਸਾਲ ਪੁਰਾਣੇ ਕੇਸ ਨਾਲ ਸੰਬੰਧਤ ਸੀ, ਜਿਸਨੇ ਸ਼ਿਕਾਇਤ ਕੀਤੀ ਸੀ ਉਹ ਜੇਲ੍ਹ ਵਿਚੋਂ ਸਜਾ ਭੁਗਤ ਕੇ ਆਇਆ ਸੀ। ਲੋਕਾਂ ਨੂੰ ਗੁੱਸਾ ਸੀ ਕਿ ਇੱਕ ਸਜ਼ਾ ਯਾਫ਼ਤਾ ਵਿਅਕਤੀ ਦੀ ਸ਼ਿਕਾਇਤ ਤੇ ਪੜਤਾਲ ਕਰਵਾਈ ਜਾ ਰਹੀ ਹੈ। ਫਿਰ ਅਖ਼ੀਰ ਗਿਆਨੀ ਹਰਪ੍ਰੀਤ ਸਿੰਘ ਨੂੰ ਬਰਤਰਫ ਕਰ ਦਿੱਤਾ। ਜੇਕਰ ਗਿਆਨੀ ਹਰਪ੍ਰੀਤ ਸਿੰਘ ਦੋਸ਼ੀ ਸੀ ਤਾਂ ਸ੍ਰੀ ਅਕਾਲ ਤਖ਼ਤ ਦਾ ਐਕਟਿੰਗ ਜਥੇਦਾਰ ਕਿਉਂ ਬਣਾਇਆ ਗਿਆ ਸੀ? ਹੁਣ ਅਚਾਨਕ ਉਹ ਗ਼ਲਤ ਕਿਵੇਂ ਹੋ ਗਿਆ, ਉਦੋਂ ਦੁੱਧ ਧੋਤਾ ਸੀ ਤੇ ਹੁਣ ਗ਼ਲਤ ਹੋ ਗਿਆ। ਅਸਲ ਵਿੱਚ ਸ੍ਰ. ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਤੋਂ ਕਬਜ਼ਾ ਛੱਡਣਾ ਨਹੀਂ ਚਾਹੁੰਦਾ। ਇਸ ਕਰਕੇ ਹੀ ਉਸਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਅਵੱਗਿਆ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਦੀ ਭਰਤੀ ਲਗਪਗ ਪੂਰੀ ਕਰਵਾ ਹੀ ਲਈ, ਜਦੋਂ ਕਿ ਇਹ ਭਰਤੀ ਅਕਾਲ ਤਖ਼ਤ ਵੱਲੋਂ ਬਣਾਈ ਗਈ ਕਮੇਟੀ ਦੀ ਨਿਗਰਾਨੀ ਹੇਠ ਕਰਨੀ ਸੀ। ਇਸ ਕਮੇਟੀ ਦੇ ਮੁੱਖੀ ਹਰਜਿੰਦਰ ਸਿੰਘ ਧਾਮੀ 'ਤੇ ਇਸ ਕਮੇਟੀ ਦੀ ਮੀਟਿੰਗ ਨਾ ਕਰਨ ਦਾ ਦਬਾਅ ਬਣਾਇਆ ਜਾ ਰਿਹਾ ਸੀ। ਹਫਤਾ ਪਹਿਲਾਂ ਧਾਮੀ ਸਾਹਿਬ ਨੇ ਮੀਟਿੰਗ ਬੁਲਾਈ ਸੀ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਸ਼ਾਮਲ ਹੋਣ ਲਈ ਭਰਤੀ ਸੰਬੰਧੀ ਪੱਖ ਪੇਸ਼ ਕਰਨ ਲਈ ਕਿਹਾ ਸੀ ਪ੍ਰੰਤੂ ਪਹਿਲਾਂ ਤਾਂ ਉਨ੍ਹਾਂ ਰੁਝੇਵਿਆਂ ਦਾ ਬਹਾਨਾ ਲਾਇਆ, ਫਿਰ ਜਦੋਂ ਉਸਦੇ ਕਹਿਣ 'ਤੇ ਮੀਟਿੰਗ ਬੁਲਾਈ ਗਈ ਤਾਂ ਉਹ ਫਿਰ ਵੀ ਹਾਜ਼ਰ ਨਹੀਂ ਹੋਇਆ। ਅਜਿਹੇ ਹਾਲਾਤ ਵਿੱਚ ਕਮੇਟੀ ਦੇ ਮੁੱਖੀ ਹਰਜਿੰਦਰ ਸਿੰਘ ਧਾਮੀ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਬਲਵਿੰਦਰ ਸਿੰਘ ਭੂੰਦੜ ਨੂੰ ਉਨ੍ਹਾਂ ਦੇ ਘਰ ਮਿਲਣ ਲਈ ਗਏ ਤਾਂ ਉਨ੍ਹਾਂ ਦੋ ਦਿਨ ਦਾ ਸਮਾਂ ਲੈ ਲਿਆ। ਇਸ ਸਾਰੀ ਪ੍ਰਕ੍ਰਿਆ ਤੋਂ ਇਹ ਸਾਬਤ ਹੁੰਦਾ ਹੈ ਕਿ ਅਕਾਲੀ ਦਲ ਬਾਦਲ ਸ੍ਰੀ ਅਕਾਲ ਤਖ਼ਤ ਦੇ ਹੁਕਮ ਮੰਨਣ ਲਈ ਤਿਆਰ ਨਹੀਂ। ਸਿਆਸੀ ਪੜਚੋਲਕਾਰ ਇਹ ਮਹਿਸੂਸ ਕਰਦੇ ਹਨ ਕਿ ਸ੍ਰ. ਸੁਖਬੀਰ ਸਿੰਘ ਬਾਦਲ ਨੂੰ ਸਭ ਤੋਂ ਵੱਡਾ ਦੁੱਖ ਉਨ੍ਹਾਂ ਦੇ ਮਰਹੂਮ ਪਿਤਾ ਪ੍ਰਕਾਸ਼ ਸਿੰਘ ਬਾਦਲ ਤੋਂ ਫ਼ਖ਼ਰੇ ਕੌਮ ਦਾ ਖ਼ਿਤਾਬ ਵਾਪਸ ਲੈਣ ਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਉਹ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਨੂੰ ਹਟਾਕੇ ਉਹ ਪਰਕਾਸ਼ ਸਿੰਘ ਬਾਦਲ ਦੇ ਫ਼ਖ਼ਰੇ ਕੌਮ ਵਾਲੇ ਫ਼ੈਸਲੇ ਨੂੰ ਰੱਦ ਕਰਵਾਉਣ ਦੀ ਤਾਕ ਵਿੱਚ ਸਨ। ਅੱਗੇ ਵੇਖੋ ਊਂਟ ਕਿਸ ਕਰਵਟ ਬੈਠਦਾ ਹੈ। ਪਰ ਇੱਕ ਗੱਲ ਸ਼ਪਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਅਕਸ ਪਹਿਲਾਂ ਨਾਲੋਂ ਵੀ ਵਧੇਰੇ ਨੀਂਵਾਂ ਹੋ ਗਿਆ ਹੈ।